# ਮਾਡਿਊਲ: 3

# ਕਲਾ ਏਕੀਕ੍ਰਿਤ ਸਿੱਖਿਆ
# ( ਆਰਟ ਇੰਟੀਗਰੇਟਿਡ ਲਰਨਿੰਗ)

ਟ੍ਰੇਨਿੰਗ ਪੈਕੇਜ

## ਕਲਾ ਏਕੀਕ੍ਰਿਤ ਸਿੱਖਿਆ

## Art Integerated Learning (AIL)

## ਅਨੁਭਵਾਤਮਕ ਪੱਧਰ ਨਾਲ ਪੜ੍ਹਾਉਣ ਦਾ ਤਰੀਕਾ

**ਮੁੱਖ ਬੰਧ:-**



ਹੋਰ ਵਿਸ਼ਿਆਂ ਦੇ ਨਾਲ ਕਲਾ ਦੇ ਏਕੀਕਰਣ ਦਾ ਭਾਵ ਹੈ ਕਿ ਕਲਾਵਾਂ ਦ੍ਰਿਸ਼ ਕਲਾ (Visual Arts ), ਪ੍ਰਦਰਸ਼ਨ ਕਲਾ (Performing Arts ) ਅਤੇ ਸਾਹਿਤਿਕ ਕਲਾ (Literacy Arts) ਸਿੱਖਣ ਸਿਖਾਉਣ ਦੀ ਪ੍ਰਕਿਰਿਆ ਦਾ ਇੱਕ ਅਭਿੰਨ ਅੰਗ ਬਣ ਜਾਂਦੀਆਂ ਹਨ। ਇਸਦਾ ਭਾਵ ਕਲਾ ਏਕੀਕ੍ਰਿਤ ਪਾਠਕ੍ਰਮ ਨੂੰ ਅਪਨਾਉਣ ਤੋਂ ਵੀ ਹੈ । ਜਿਸ ਵਿੱਚ ਕਲਾ, ਜਮਾਤ ਵਿੱਚ ਸਿੱਖਣ ਦਾ ਆਧਾਰ ਬਣ ਜਾਂਦੀ ਹੈ। ਜੇਕਰ ਪਾਠਕ੍ਰਮ ਵਿੱਚ ਕਲਾ ਦਾ ਏਕੀਕਰਨ ਹੋਵੇ ਤਾਂ ਇਸ ਨਾਲ ਧਾਰਨਾਵਾਂ ਨੂੰ ਸਪਸ਼ਟ ਕਰਨ , ਵਿੱਚ ਮੱਦਦ ਮਿਲਦੀ ਹੈ। ਕਲਾ ਏਕੀਕ੍ਰਿਤ ਪਾਠਕ੍ਰਮ ਵੱਖੋ-ਵੱਖ ਵਿਸ਼ਿਆਂ ਦੀ ਸਮੱਗਰੀ ਨੂੰ ਤਾਰਕਿਕ, ਵਿਦਿਆਰਥੀ ਕੇਂਦਰਿਤ ਅਤੇ ਅਰਥਪੂਰਨ ਤਰੀਕਿਆਂ ਨਾਲ ਜੋੜਨ ਦਾ ਸਾਧਨ ਪ੍ਰਦਾਨ ਕਰ ਸਕਦਾ ਹੈ। ਜੇਕਰ ਕਲਾ ਕੇਂਦਰਬਿੰਦੂ ਵਿੱਚੋਂ ਹੋਵੇ ਤਾਂ ਗਣਿਤ, ਵਿਗਿਆਨ, ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਅਤੇ ਉਹਨਾਂ ਦੀਆਂ ਅਮੂਰਤ ਧਾਰਨਾਵਾਂ ਵਿੱਚ ਇੱਕ ਸਬੰਧ ਸਥਾਪਿਤ ਕੀਤਾ ਜਾ ਸਕਦਾ ਹੈ, ਉਹਨਾਂ ਨੂੰ ਆਪਸ ਵਿੱਚ ਜੋੜਿਆ ਜਾ ਸਕਦਾ ਹੈ, ਅਤੇ ਪ੍ਰਭਾਵੀ ਤਰੀਕੇ ਨਾਲ ਸਿੱਖਿਆ ਜਾ ਸਕਦਾ ਹੈ। ਇਸ ਤਰੀਕੇ ਨਾਲ ਸਿੱਖਣਾ ਸੰਪੂਰਨ, ਅਨੰਦਮਈ ਅਤੇ ਅਨੁਭਵਾਤਮਕ ਬਣ ਜਾਂਦਾ ਹੈ। ਇਹ ਮਾਡਿਊਲ ਉਦਾਰਹਣਾਂ ਨਾਲ ਇਹ ਦਰਸਾਉਂਦਾ ਹੈ ਕਿ ਕਿਵੇਂ ਕਲਾ ਨੂੰ ਵੱਖ-ਵੱਖ ਵਿਸ਼ਿਆਂ ਨਾਲ ਏਕੀਕ੍ਰਿਤ ਕੀਤਾ ਜਾ ਸਕਦਾ ਹੈ? ਇਹ ਉਹਨਾਂ ਪੜਾਵਾਂ ਦੀ ਵੀ ਚਰਚਾ ਕਰਦਾ ਹੈ, ਜਿਸ ਵਿੱਚ ਮੱਦਦਗਾਰ (Facilitator) ਬਿਹਤਰ ਢੰਗ ਨਾਲ ਸਿੱਖਣ-ਸਿਖਾਉਣ ਦੇ ਤਰੀਕਿਆਂ ਨੂੰ ਅਸਾਨ ਬਨਾਉਣ ਅਤੇ ਕਲਾ ਦਾ ਸੀ.ਸੀ.ਈ. ਕੌਸ਼ਲ ਅਤੇ ਸਿੱਖਣ ਨੂੰ ਅਸਾਨ ਬਨਾਉਣ ਲਈ ਵਰਤੇ ਜਾਣ ਵਾਲੇ ਟੂਲ ਦੇ ਰੂਪ ਵਿੱਚ ਵਰਤ ਸਕਦਾ ਹੈ । ਨਾਲ ਹੀ ਇਹ ਟ੍ਰੇਨਿੰਗ ਦੀ ਰੂਪ - ਰੇਖਾ ਲਚੀਲੀ ਹੈ ਅਤੇ ਮੱਦਦਗਾਰ ਇਸ ਨੂੰ ਸਿੱਖਣ ਦੇ ਉਦੇਸ਼ ਨੂੰ ਪੂਰਾ ਕਰਨ ਅਤੇ ਚੁਣੇ ਗਏ ਸਿੱਖਣ ਉਪਰੰਤ ਨਤੀਜਿਆਂ

ਨੂੰ ਪ੍ਰਾਪਤ ਕਰਨ ਲਈ ਇਸ ਵਿੱਚ ਸੁਧਾਰ ਜਾਂ ਬਦਲਾਅ ਕਰ ਸਕਦਾ ਹੈ।ਮਾਡਿਊਲ ਵਿੱਚ ਮੱਦਦਗਾਰਾਂ ਦੇ ਫਾਇਦੇ ਲਈ ਸੁਝਾਅ ਦੇਣ ਲਈ 4-5 ਸੈਸ਼ਨਾਂ ਦਾ ਇੱਕ ਸੈਟ ਪਾਇਆ ਗਿਆ ਹੈ। ਜੇਕਰ ਮੱਦਦਗਾਰ ਆਪਣੇ ਆਪ ਕੁੱਝ ਵੈਕਲਪਿਕ ਸੈਸ਼ਨ ਤਿਆਰ ਕਰ ਸਕਣ ਤਾਂ ਇਹ ਹੋਰ ਵੀ ਵਧੀਆ ਹੋਵੇਗਾ।

**ਸਿੱਖਣ ਦੇ ਉਦੇਸ਼**

ਇਸ ਮਾਡਿਊਲ ਦਾ ਉਦੇਸ਼ ਨਿਮਨਲਿਖਿਤ ਦਾ ਵਿਕਾਸ ਕਰਨਾ ਹੈ :

* 'ਕਲਾਵਾਂ' ਪੜ੍ਹਾਉਣ ਦਾ ਮਾਧਿਅਮ ਕਿਵੇਂ ਬਣ ਸਕਦੀਆਂ ਹਨ ਅਤੇ ਹਰੇਕ ਬੱਚੇ ਦੇ ਸਿੱਖਣ ਅਤੇ ਸੰਪੂਰਨ ਵਿਕਾਸ ਤੇ ਇਸ ਦੇ ਪ੍ਰਭਾਵ ਨੂੰ ਸਮਝਣਾ ।

* ਵਿਦਿਆਰਥੀ ਦੀ ਰਚਨਾਤਮਕ ਅਭਿਵਿਅਕਤੀ (Expression) ਦਾ ਪਤਾ ਲਗਾਉਣ ਦੇ ਮਾਧਿਅਮ ਦੇ ਰੂਪ ਵਿੱਚ ਕਲਾ ਦੇ ਵੱਖ ਵੱਖ ਰੂਪਾਂ ਨਾਲ ਜਾਣ ਪਹਿਚਾਣ।

* ਵੱਖ ਵੱਖ ਵਿਸ਼ਿਆਂ ਦੀ ਸਿੱਖਿਆ ਨੂੰ ਰੋਚਕ ਬਣਾਉਣ ਲਈ ਯੋਜਨਾ ਬਨਾਉਣ ਅਤੇ ਉਮਰ ਅਨੁਸਾਰ ਕਲਾ- ਅਨੁਭਵਾਂ ਦੇ ਆਯੋਜਨ ਦੀ ਯੋਗਤਾ ਹਾਸਲ ਕਰਨਾ।

**ਕਲਾ ਏਕੀਕ੍ਰਿਤ ਸਿੱਖਿਆ ਨਾਲ ਸਬੰਧਤ ਪ੍ਰਸ਼ਨ-ਉੱਤਰ :**

**ਕਲਾ ਏਕੀਕ੍ਰਿਤ ਸਿੱਖਿਆ ਕੀ ਹੈ?**

ਸ਼ਬਦਕੋਸ਼ ਵਿੱਚ ਏਕੀਕਰਣ ਦਾ ਅਰਥ ਹੈ, 'ਸੰਪੂਰਨ, ਇਕਾਈ ਬਨਾਉਣ ਲਈ ਭਾਗਾਂ ਨੂੰ ਮਿਸ਼ਰਿਤ ਕਰਨ ਜਾਂ ਜੋੜਨ ਦਾ ਕੰਮ' ਇਸ ਤਰ੍ਹਾਂ ਕਲਾ ਏਕੀਕਰਣ ਦਾ ਅਰਥ ਹੈ: ਵੱਖ ਵੱਖ ਪਾਠਕ੍ਰਮ ਖੇਤਰਾਂ ਦੇ ਸਿੱਖਣ-ਸਿਖਾਉਣ ਨਾਲ ਕਲਾ ਦਾ ਸੰਯੋਜਨ ਕਰਨਾ।



ਭਾਸ਼ਾ ਸਮਾਜਿਕ ਅਧਿਐਨ, ਵਿਗਿਆਨ ਅਤੇ ਗਣਿਤ ਵਰਗੇ ਵਿਸ਼ਿਆਂ ਨੂੰ ਕਲਾ ਦੇ ਨਾਲ ਸਬੰਧਤ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ। ਕਈ ਵਾਰ ਕਲਾ ਬਹੁਤ ਹੀ ਅਸਾਨੀ ਨਾਲ ਗਿਆਨ ਦੀਆਂ ਅਵਧਾਰਨਾਵਾਂ ਨੂੰ ਸਪਸ਼ਟ ਕਰ ਸਕਦੀਆਂ ਹਨ। ਇਸ ਤਰ੍ਹਾਂ ਵਿਸ਼ਿਆਂ ਦੀਆਂ ਅਮੂਰਤ ਅਵਧਾਰਨਾਵਾਂ ਨੂੰ ਵੱਖ ਵੱਖ ਕਲਾ ਰੂਪਾਂ ਦੀ ਵਰਤੋਂ ਕਰਕੇ ਸਮਝਣ ਵਿੱਚ ਆਸਾਨ ਅਤੇ ਮੂਰਤ ਰੂਪ ਵਿੱਚ ਦਿੱਤਾ ਜਾ ਸਕਦਾ ਹੈ। ਸਿੱਖਣ ਦੇ ਇਸ ਤਰੀਕੇ ਨਾਲ ਵਿਸ਼ੇ ਸਬੰਧੀ ਗਿਆਨ ਅਤੇ ਸਮਝ ਵਧਾਉਣ ਵਿੱਚ ਮੱਦਦ ਮਿਲਦੀ ਹੈ ਅਤੇ ਇਹ ਕਲਾ ਦਾ ਮੁਲਾਂਕਣ ਕਰਨ ਨੂੰ ਵੀ ਹੱਲਾਸ਼ੇਰੀ ਦਿੰਦਾ ਹੈ। ਇਸ ਨੂੰ ਹੀ ਸੰਪੂਰਨ ਰੂਪ ਨਾਲ ਪੜ੍ਹਾਉਣਾ ਕਿਹਾ ਜਾਂਦਾ ਹੈ । ਕਲਾ ਅਭਿਵਿਅਕਤੀ ਲਈ ਇੱਕ ਭਾਸ਼ਾ ਪ੍ਰਦਾਨ ਕਰਦੀ ਹੈ। ਇਹ ਅਭਿਵਿਅਕਤੀ ਕਲਾ ਦੇ ਦ੍ਰਿਸ਼ ਜਾਂ ਪ੍ਰਦਰਸ਼ਨ ਰੂਪ ਵਿੱਚ ਹੋ ਸਕਦੀ ਹੈ।

**ਦ੍ਰਿਸ਼ ਕਲਾਵਾਂ ਅਤੇ ਪ੍ਰਦਰਸ਼ਨ ਕਲਾਵਾਂ ਤੋਂ ਕੀ ਭਾਵ ਹੈ?**

ਉਹ ਕਲਾ ਰੂਪ ਜਿਸ ਨੂੰ ਮੁੱਖ ਰੂਪ ਨਾਲ ਦੇਖਿਆ ਜਾ ਸਰਾਹਿਆ ਜਾਂਦਾ ਹੈ ਜਿਵੇਂ ਕਿ ਪੇਟਿੰਗ, ਫੋਟੋਗਰਾਫੀ , ਪ੍ਰਿੰਟ-ਮੇਕਿੰਗ, ਸਟੇਜ ਆਰਟ , ਕਲੇ ਮਾਡਲਿੰਗ , ਮੂਰਤੀਕਲਾ, ਅਪਲਾਈਡ ਆਰਟ ਅਤੇ ਕਰਾਫਟ ਨੂੰ ਦ੍ਰਿਸ਼ ਕਲਾ ਕਿਹਾ ਜਾਂਦਾ ਹੈ। ਜਦੋਂ ਕਿ ਪ੍ਰਦਰਸ਼ਨ ਕਲਾਵਾਂ ਵਿੱਚ ਸੰਚਾਲਨ ਅਤੇ ਮੌਖਿਕ ਨਿਪੁੰਨਤਾ, ਚਿਹਰੇ ਦੇ ਭਾਵ, ਸ਼ਰੀਰ ਦੀ ਗਤੀ ਅਤੇ ਲੈਅ

ਦੀ ਵਰਤੋਂ ਕਰਕੇ ਪ੍ਰਸਤੁਤ ਕੀਤੀਆਂ ਗਈਆਂ ਕਲਾਤਮਕ ਅਭਿਵਿਅਕਤੀਆਂ ਸ਼ਾਮਿਲ ਹੁੰਦੀਆਂ ਹਨ। ਇਹਨਾਂ ਵਿੱਚ ਨਾਚ, ਸੰਗੀਤ (Vocal and Instrumental), ਰੰਗਮਚ, ਕਠਪੁਤਲੀ, ਕਹਾਣੀ ਵਾਚਨ , ਮਾਰਸ਼ਨ ਆਰਟ, ਜਾਦੂ ਦਾ ਪ੍ਰਦਰਸ਼ਨ, ਮੂਕ-ਅਭਿਨੈ ਅਤੇ ਸਿਨੇਮਾ ਆਦਿ ਸ਼ਾਮਿਲ ਹਨ।

### ਕਲਾ ਸਿੱਖਿਆ ਅਤੇ ਕਲਾ ਏਕੀਕ੍ਰਿਤ ਸਿੱਖਿਆ ਵਿੱਚ ਕੀ ਅੰਤਰ ਹੈ?

ਕਲਾ ਸਿੱਖਿਆ ਉਹ ਪ੍ਰਕਿਰਿਆ ਹੈ ਜੋ ਸੰਵੇਦੀ ਭਾਵਾਂ ਨੂੰ ਪ੍ਰੋਤਸਾਹਿਤ ਕਰਦੀ ਹੈ। ਇਹ ਉਹਨਾਂ ਅਭਿਵਿਅਕਤੀਆਂ ਦੀ ਸਿਰਜਣਾ ਲਈ ਵਿਚਾਰੀ ਅਤੇ ਸਮੱਗਰਿਆਂ ਦੇ ਨਾਲ ਕੰਮ ਕਰਨ ਲਈ ਇੱਕ ਮੰਚ ਪ੍ਰਦਾਨ ਕਰਦੀ ਹੈ, ਜਿਹਨਾਂ ਨੂੰ ਕੇਵਲ ਸ਼ਬਦਾਂ ਨਾਲ ਵਿਅਕਤ ਨਹੀਂ ਕੀਤਾ ਜਾ ਸਕਦਾ । ਇਹ ਗੈਰ-ਮੌਖਿਕ ਅਭਿਵਿਅਕਤੀ ਨੂੰ ਬਾਹਰ ਆਉਣ ਲਈ ਪ੍ਰੋਤਸਾਹਿਤ ਕਰਦੀ ਹੈ, ਚਾਹੇ ਉਹ ਗੀਤਾਂ ਦੇ ਰੂਪ ਵਿੱਚ ਹੋਣ ਜਾਂ ਫਿਰ ਪੇਟਿੰਗ ਜਾਂ ਪ੍ਰਦਰਸ਼ਨ ਦੇ ਰੂਪ ਵਿੱਚ । ਕਲਾ -ਏਕੀਕ੍ਰਿਤ ਸਿੱਖਿਆ ਵਿੱਚ ਅਸੀਂ ਕਲਾ ਨੂੰ ਪਾਠ ਕ੍ਰਮ ਦਾ ਇੱਕ ਮੁੱਖ ਹਿੱਸਾ ਬਣਾਉਂਦੇ ਹੋਏ ਕੰਮ ਕਰਦੇ ਹਾਂ। ਵੱਖ ਵੱਖ ਕਲਾ ਰੂਪਾਂ ਦੀ ਵਰਤੋਂ ਕਰਕੇ ਵਿਸ਼ੇ ਦੀਆਂ ਅਮੂਰਤ ਅਵਧਾਰਨਾਵਾਂ ਦਾ ਪਤਾ ਲਗਾਇਆ ਜਾ ਸਕਦਾ ਹੈ।

ਕਲਾ ਏਕੀਕ੍ਰਿਤ ਜਮਾਤਾਂ ਸਿੱਖਣ ਦੇ ਅਜਿਹੇ ਤਜੁਰਬੇ ਪ੍ਰਦਾਨ ਕਰ ਸਕਦੀਆਂ ਹਨ, ਜਿਨ੍ਹਾਂ ਦੇ ਨਾਲ ਸਿੱਖਣ ਵਾਲੇ ਦਾ ਮਨ, ਦਿਲ ਅਤੇ ਸ਼ਰੀਰ ਉਸ ਨਾਲ ਜੁੜ ਜਾਂਦਾ ਹੈ। ਇਸ ਤਰ੍ਹਾਂ ਕਲਾਵਾਂ ਬੱਚਿਆਂ ਨੂੰ ਕਈ ਤਰ੍ਹਾ ਦੇ ਕੌਸ਼ਲ ਅਤੇ ਯੋਗਤਾਵਾਂ ਦੀ ਵਰਤੋਂ ਕਰਨ ਵਿੱਚ ਸਮਰੱਥ ਬਣਾਉਂਦੀ ਹੈ।

### ਸਿੱਖਣ ਪ੍ਰਕਿਰਿਆ ਨੂੰ ਸੰਪੂਰਨ ਅਤੇ ਅਨੁਭਵਾਤਮਕ ਬਨਾਉਣ ਵਿੱਚ ਕਲਾ ਦੀ ਕੀ ਭੂਮਿਕਾ ਹੈ?

ਕਲਾ ਦੇ ਵੱਖ-ਵੱਖ ਰੂਪਾਂ ਨਾਲ ਜੁੜਦੇ ਹੋਏ ਵਿਦਿਆਰਥੀ ਅਲਗ-ਅਲਗ ਪੜਾਵਾਂ ਵਿੱਚੋਂ ਦੀ ਗੁਜ਼ਰਦੇ ਹਨ ਜਿਵੇਂ ਕਿ ਅਵਲੋਕਨ ਕਰਨਾ, ਵਿਚਾਰ ਕਰਨਾ, ਕਲਪਨਾ ਕਰਨਾ, ਖੋਜ ਕਰਨਾ, ਪ੍ਰਯੋਗ ਕਰਨਾ, ਤਰਕ ਨਾਲ ਕਿਸੇ ਫੈਸਲੇ ਤੇ ਪਹੁੰਚਨਾ, ਸਿਰਜਨ ਕਰਨਾ, ਪੁਨਰ ਸਿਰਜਨ ਕਰਨਾ ਅਤੇ ਵਿਅਕਤ ਕਰਨਾ। ਇਹਨਾਂ ਚਰਨਾਂ ਲਈ ਹੇਠ ਲਿਖੀਆਂ ਤਿੰਨ ਖੇਤਰਾਂ ਦੀ ਵਾਸਤਵਿਕ ਭਾਗੀਦਾਰੀ ਦੀ ਲੋੜ ਹੁੰਦੀ ਹੈ:-

ਬੋਧਵਾਦ (Cognitive), ਮਨੋਪ੍ਰੇਰਨਾ (Phychomotor) ਅਤੇ ਭਾਵਨਾਤਮਕ (Affective) । ਇਸ ਲਈ ਇਹ ਸਰੂਪ ਵਿੱਚ ਪ੍ਰਯੋਗੀ ਹੈ ਅਤੇ ਹਰੇਕ ਵਿਦਿਆਰਥੀ ਦੇ ਪੂਰਨ ਵਿਕਾਸ ਵਿੱਚ ਮਦਦ ਕਰਦੀ ਹੈ। ਇਸ ਤਰ੍ਹਾਂ ਦੇ ਅਨੁਭਵਾਤਮਕ ਸਿਖਾਉਣ ਦੀ ਵਜ੍ਹਾ ਨਾਲ ਪੜਾਇਆ ਜਾ ਸਕਦਾ ਹੈ। ਕਲਾ ਇਸ ਵਿੱਚ ਇੱਕ ਤਰ੍ਹਾ ਨਾਲ ਅਧਾਰ ਦਾ ਕੰਮ ਕਰਦੀ ਹੈ।

### ਕਲਾ ਏਕੀਕਰਨ ਸਿਖਲਾਈ ਸਿੱਖਣ ਉਪਰੰਤ ਨਤੀਜਿਆਂ ਨੂੰ ਪ੍ਰਾਪਤ ਕਰਨਾ ਵਿੱਚ ਕਿਵੇਂ ਮਦਦ ਕਰਦਾ ਹੈ?



ਕਲਾ ਏਕੀਕਰਨ ਇੱਕੋ ਸਮੇਂ ਤਿੰਨਾਂ ਖੇਤਰਾਂ (cognitive, phychomotor ਅਤੇ affective) ਤੇ ਅਸਰ ਪਾਉਂਦੀ ਹੈ।ਜੋ ਕਿ ਯੋਗਤਾ ਅਧਾਰਿਤ ਸਿਖਲਾਈ ਅਤੇ ਯੋਗਤਾ ਅਧਾਰਿਤ ਸਿੱਖਣ ਨਤੀਜਿਆਂ ਦੀ ਸਿੱਖਿਅਕ ਜਰੂਰਤਾਂ ਨੂੰ ਪੂਰਾ ਕਰਦਾ ਹੈ।

### ਕਲਾ ਏਕੀਕ੍ਰਿਤ ਸਿਖਲਾਈ ਨੂੰ ਸਿੱਖਣ ਦਾ ਆਨੰਦਮਈ ਤਰੀਕਾ ਕਿਉ ਮੰਨਿਆ ਜਾਂਦਾ ਹੈ?

ਕਲਾਵਾਂ ਕਿਸੇ ਦੀ ਕਲਪਨਾ ਅਤੇ ਵਿਚਾਰਾਂ ਦੀ ਅਜਾਦ ਅਭਿਵਿਅਕਤੀ ਦਾ ਕੁਦਰਤੀ ਮਾਧਿਅਮ ਹੁੰਦੀਆਂ ਹਨ। ਇਸ ਮਾਧਿਅਮ ਦੁਆਰਾ ਹਰੇਕ ਸਿਖਿਆਰਥੀ ਨੂੰ ਇੱਕ ਵੱਖਰੀ

ਅਤੇ ਨਿਵੇਕਲੀ ਪਹਿਚਾਨ ਰੱਖਣ ਦੀ ਅਜ਼ਾਦੀ ਹੁੰਦੀ ਹੈ। ਸਕੂਲ ਪੱਧਰ ਤੇ ਪੈਡਾਗੋਜੀ ਵਿੱਚ ਕਲਾ ਏਕੀਕ੍ਰਿਤ ਸਿਖਲਾਈ ਬਿਨ੍ਹਾਂ ਇਸ ਗਲ ਦੀ ਪਰਵਾਹ ਕੀਤੇ ਬਗੈਰ ਕਿ ਉਹਨਾਂ ਦਾ ਕੰਮ ਕਿਹੋ ਜਿਹਾ ਹੋਵੇਗਾ ਅਤੇ ਦੂਜੇ ਉਹਨਾਂ ਬਾਰੇ ਕੀ ਕਹਿਣਗੇ, ਹਰੇਕ ਸਿਖਿਆਰਥੀ ਨੂੰ ਨਵੀਆਂ ਚੀਜਾਂ ਬਾਰੇ ਜਾਨਣ, ਅਨੁਭਵ ਕਰਨ ਅਤੇ ਵਿਅਕਤ ਕਰਨ ਲਈ ਰਚਨਾਤਮਕ ਸਥਾਨ ਪ੍ਰਦਾਨ ਕਰਦਾ ਹੈ।

ਇਸ ਵਿੱਚ ਸਿਖਿਆਰਥੀ ਨੂੰ ਕਲਾ ਨੂੰ ਇੱਕ ਪ੍ਰਕਿਰਿਆ ਦੇ ਰੂਪ ਵਿੱਚ ਅਨੁਭਵ ਕਰਨ ਅਤੇ ਨਤੀਜੇ ਦੀ ਚਿੰਤਾ ਨਾ ਕਰਨ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ। ਇਸ ਨਾਲ ਵਿਸ਼ੇ ਨਾਲ ਜੁੜੇ ਡਰ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ ਅਤੇ ਇਸ ਕਰਕੇ ਸਿੱਖਣ ਦੀ ਉਹਨਾਂ ਦੀ ਖੁਸ਼ੀ ਵਿੱਚ ਵਾਧਾ ਵੀ ਹੁੰਦਾ ਹੈ। ਕਲਾਵਾਂ ਵੱਖ-2 ਸਿਖਲਾਈ ਲੋੜਾਂ ਤੇ ਵੀ ਚਰਚਾ ਕਰਦੀਆਂ ਹਨ ਅਤੇ ਹਰੇਕ ਵਿਦਿਆਰਥੀ ਨੂੰ ਅਭਿਵਿਅਕਤੀ ਦਾ ਇੱਕ ਵੈਕਲਪਿਕ ਸਾਧਨ ਪ੍ਰਦਾਨ ਕਰਦੀਆਂ ਹਨਂ।

ਜਿੱਥੇ ਕਿ ਉਹ ਨਤੀਜਿਆਂ ਦੇ ਦਬਾਅ ਤੋਂ ਬਿਨ੍ਹਾਂ ਵਿਸ਼ੇ ਦੀ ਗਹਿਰਾਈ ਤੱਕ ਪਹੁੰਚ ਸਕਦੇ ਹਨ ਅਤੇ ਅਨੁਭਵ ਕਰ ਸਕਦੇ ਹਨ ਜਿਸ ਨਾਲ ਸਿੱਖਣ ਸਿਖਾਉਣ ਦੀ ਪ੍ਰਕਿਰਿਆ ਆਨੰਦਮਈ ਹੋ ਜਾਂਦੀ ਹੈ।

**ਕਲਾ ਏਕੀਕ੍ਰਿਤ ਸਿਖਲਾਈ ਸਿੱਖਿਆ ਦੇ ਸੰਮਲਿਤ ਢਾਂਚੇ (inclusive- setup) ਵਿੱਚ ਕਿਵੇਂ ਸਹਾਈ ਹੈ?**

ਕਲਾ ਦਾ ਸੱਭ ਤੋਂ ਮਹੱਤਵਪੂਰਨ ਪਹਿਲੂ ਹੈ ਕਿ ਇਸਦਾ ਕੋਈ ਸਹੀ ਜਾਂ ਗਲਤ ਉੱਤਰ ਨਹੀਂ ਹੁੰਦਾ। ਗਿਆਨ ਨੂੰ ਅਨੁਭਵਾਤਮਕ ਤਰੀਕੇ ਨਾਲ ਪ੍ਰਾਪਤ ਕੀਤਾ ਜਾਂਦਾ ਹੈ। ਸਿੱਖਿਅਤ ਤੋਂ ਅਸਿੱਖਿਅਤ, ਵਿਸ਼ੇਸ਼ ਲੋੜਾਂ ਦੇ ਸਮੂਹ ਤੋਂ ਸਧਾਰਨ ਸਮੂਹ ਜਾਂ ਲੜਕੀਆਂ ਦੀ ਲੜਕਿਆਂ ਦੇ ਕਲਾ ਦੇ ਕੰਮ ਵਿੱਚ ਅੰਤਰ ਕਰਨ ਦੀ ਲੋੜ ਨਹੀਂ ਹੈ। ਕਿਉਂਕਿ ਕਲਾ ਤਾਂ ਆਪ ਹੀ ਇੱਕ ਅਭਿਵਿਅਕਤੀ ਹੈ।

ਇਹ ਪਿਛੜਿਆਂ ਨੂੰ ਕਲਾ ਦੇ ਨਾਲ ਜੁੜੇ ਕੰਮਾਂ ਦੇ ਮਾਧਿਅਮ ਨਾਲ ਆਪਣੇ ਅੰਦਰ ਦੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਵਿੱਚ ਮਦਦ ਕਰਦੀ ਹੈ। ਇਸ ਲਈ ਉਹ ਲੋਕ ਜੋ ਕਿ ਕਿਸੇ ਕਾਰਨ ਸਮਾਜ ਦੇ ਬਹਿਸ਼ਕਾਰ ਦੇ ਸ਼ਿਕਾਰ ਹੁੰਦੇ ਹਨ, ਉਹ ਜਮਾਤ ਵਿੱਚ ਦੂਜਿਆਂ ਨਾਲ ਬੈਠ ਕੇ ਕੰਮ ਕਰ ਸਕਦੇ ਹਨ, ਕਿਉਂਕਿ ਕਲਾ ਇੱਕ ਅਜਿਹੀ ਯਾਤਰਾ ਹੈ ਜਿਸ ਵਿੱਚ ਕਿਸੇ ਕੋਲ ਵੀ ਸਾਰੇ ਜਵਾਬ ਨਹੀਂ ਹੁੰਦੇ। ਕਲਾ ਨਾਲ ਜੁੜੀਆਂ ਗਤੀਵਿਧੀਆਂ ਬੱਚਿਆਂ ਨੂੰ ਇੱਕ ਦੂਜੇ ਨਾਲ ਜੁੜਨ ਵਿੱਚ ਮਦਦ ਕਰਦੀਆਂ ਹਨ ਤਾਂਕਿ ਮੁਸ਼ਕਲਾਂ ਹੌਲੀ- ਹੌਲੀ ਖਤਮ ਹੋ ਸਕਣ ਅਤੇ ਵੱਖ-ਵੱਖ ਪਿਛੋਕੜਾਂ ਤੋਂ ਆਏ ਬੱਚੇ ਆਪਸ ਵਿੱਚ ਸੰਬੰਧ ਪੈਦਾ ਕਰ ਸਕਣ।

ਵਿਸ਼ੇ ਤੇ ਜਿਆਦਾ ਜਾਣਕਾਰੀ ਲੈਣ ਲਈ, ਪ੍ਰਾਇਮਰੀ ਅਧਿਆਪਕਾਂ ਦੇ ਲਈ ਬਣੇ ਕਲਾ ਸਿੱਖਿਆ ਤੇ ਅਕਸਰ ਪੁਛੇ ਜਾਣ ਵਾਲੇ ਪ੍ਰਸ਼ਨ ਟ੍ਰੇਨਿੰਗ ਮਡਿਊਲ 4 ਅਤੇ 5 ਵੇਖੋ। www.ncert.nic.in/departments/www.ncert.nic.in/departments/

**SRG ਅਤੇ ਅਧਿਆਪਕਾਂ ਲਈ**

**ਸਿੱਖਣ ਉਪਰੰਤ ਨਤੀਜੇ(Learning Outcomes)**

ਇਸ ਮਾਡਿਊਲ ਦੀ ਟ੍ਰੇਨਿੰਗ ਤੋਂ ਬਾਦ ਐਸ.ਆਰ.ਜੀ./ਅਧਿਆਪਕ ਹੇਠ ਲਿਖੇ ਕੰਮ ਵਿੱਚ ਸਮਰੱਥ ਹੋ ਜਾਣਗੇ:

- ਇੱਕ ਵਿਸ਼ੇ ਦੇ ਰੂਪ ਵਿੱਚ ਕਲਾ ਅਤੇ ਇੱਕ ਪੈਡਾਗੋਜੀਕਲ ਦ੍ਰਿਸ਼ਟੀਕੋਣ ਦੇ ਰੂਪ ਵਿੱਚ ਕਲਾ ਵਿੱਚ ਅੰਤਰ ਕਰ ਪਾਣਗੇ।

- ਇਹ ਸਮਝਣਗੇ ਕਿ ਕਿਵੇਂ ਕਲਾ ਏਕੀਕ੍ਰਿਤ ਸਿੱਖਿਆ ਵਿਦਿਆਰਥੀ ਨੂੰ ਸੰਪੂਰਨਤਾ ਨਾਲ ਸਿੱਖਣ ਨੂੰ ਪ੍ਰੋਤਸਾਹਿਤ ਕਰਦੀ ਹੈ।
- ਵੱਖ-ਵੱਖ ਵਿਸ਼ਿਆਂ ਵਿੱਚ AIL ਯੋਜਨਾ ਤਿਆਰ ਕਰਨ ਵਿੱਚ।
- ਇੱਕ ਮਦਦਗਾਰ ਦੇ ਰੂਪ ਵਿੱਚ AIL ਮਾਡਿਊਲ ਅਤੇ ਕੁਸ਼ਲਤਾਵਾਂ ਦਾ ਪ੍ਰਯੋਗ ਕਰਦੇ ਹੋਏ AIL ਦੇ ਸੈਸ਼ਨਾਂ ਦਾ ਸੰਚਾਲਨ ਕਰਨ ਦੇ।
- ਜਮਾਤ ਦੀ ਸਿੱਖਣ-ਸਿੱਖਾਉਣ ਦੇ ਤਰੀਕਿਆਂ ਲਈ ਆਪਣੇ AIL ਦੀ ਯੋਗਤਾ ਨੂੰ ਨਿਖਾਰਣ ਵਿੱਚ ਅਧਿਆਪਕਾਂ ਦੀ ਮਦਦ ਕਰਨ ਵਿੱਚ।
- ਕਲਾਤਮਕ ਅਤੇ ਰਚਨਾਤਮਕ ਅਭਿਵਿਅਕਤੀ ਦੇ ਇੱਕ ਟੂਲ ਅਤੇ ਤਕਨੀਕ ਦੇ ਰੂਪ ਵਿੱਚ ਕਲਾ ਦੀ ਪ੍ਰਸੰਸਾ ਕਰਨ ਦੇ।

## ਮਦਦਗਾਰ ਲਈ ਦਿਸ਼ਾ ਨਿਰਦੇਸ਼:

ਸੈਸ਼ਨ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਉਣਾ ਲਈ ਹੇਠ ਦਿੱਤੀਆਂ ਗੱਲਾਂ ਤੇ ਵਿਚਾਰ ਕੀਤਾ ਜਾ ਸਕਦਾ ਹੈ:

**(ੳ) ਸੈਸ਼ਨ ਲਈ ਸੰਸਾਧਨ:**

- ਸੈਸ਼ਨ ਦੌਰਾਨ ਉਚਿਤ ਸਮੇਂ ਤੇ ਪ੍ਰਯੋਗ ਕਰਨ ਲਈ ਜਰੂਰੀ ਹਾਰਡਵੇਅਰ ਅਤੇ ਸਾਫਟਵੇਅਰ ਸੰਸਾਧਨ (ਵੀਡਿਓ ਕਲਿਪ, ਸਲਾਈਡ ਸ਼ੋ ਆਦਿ ਦਾ ਬੰਦੋਬਸਤ ਕਰੋ)
- ਸੈਸ਼ਨ ਦੌਰਾਨ ਹੋਰ ਵਿਸ਼ਿਆਂ ਨਾਲ ਕਲਾ ਦੇ ਏਕੀਕਰਣ ਤੇ ਸਮੂਹ ਵਿੱਚ ਕੰਮ ਲਈ ਪ੍ਰਯੋਗ ਵਿੱਚ ਆਉਣ ਵਾਲੀਆਂ ਸੰਬੰਧਤ ਪਾਠ-ਪੁਸਤਕਾਂ ਦਾ ਇੰਤਜਾਮ ਕਰੋ।
- ਗਤੀਵਿਧੀਆਂ ਲਈ ਲੋੜੀਂਦੀ ਸਮੱਗਰੀ ਜਿਵੇਂ ਕਿ ਵੱਖ-ਵੱਖ ਰੰਗਾਂ ਦੇ ਚਾਰਟ ਪੇਪਰ, ਪੈਂਸਿਲ, ਸਕੈਚ ਪੈਨ, ਮਾਰਕਰ, ਫਲਿਪ ਚਾਰਟ, ਬੋਰਡ ਤੇ ਲਗਾਉਣ ਵਾਲੇ ਪਿਨ, ਭੂਰੇ ਰੰਗ ਦਾ ਕਾਗਜ਼ ਜਾਂ ਡਰਾਫਟਿੰਗ ਪੇਪਰ, ਪ੍ਰਦਰਸ਼ਿਤ ਚੀਜਾਂ ਨੂੰ ਰੰਗਣ ਲਈ ਰੱਸੀ, ਰੰਗ ਡਰਾਇੰਗ ਸ਼ੀਟ, ਕਲੇਅ, ਕੈਂਚੀ, ਗੂੰਦ, ਧੁਨੀ ਪੈਦਾ ਕਰਨ ਵਾਲੇ ਯੰਤਰ, ਵੇਸ਼ਭੂਸ਼ਾ ਤਿਆਰ ਕਰਨ ਵਾਲਾ ਸਮਾਨ, ਮੰਚ ਤਿਆਰ ਕਰਨ ਲਈ ਲੋੜੀਂਦੀ ਸਮੱਗਰੀ ਆਦਿ। ਸਮੱਗਰੀ ਦਾ ਪ੍ਰਬੰਧ ਕਰਦੇ ਸਮੇਂ ਆਸੇ ਪਾਸੇ ਤੋਂ ਉਪਲਬਧ ਵਸਤੂਆਂ ਦਾ ਪ੍ਰਬੰਧ ਕਰੀਏ ਜੋ ਕਿ ਬਹੁਤ ਘੱਟ ਮੁੱਲ ਦੀਆਂ ਹੋਣ ਜਾਂ ਫਿਰ ਮੁਫਤ ਵਿੱਚ ਮਿਲ ਜਾਣ।
- ਕਿਉਂਕਿ AIL ਸੈਸ਼ਨ ਗਤਿਵਿਧੀ ਨਾਲ ਜੁੜਿਆ ਹੈ। ਇਸ ਲਈ ਆਯੋਜਕਾਂ ਨੂੰ ਜੋਰ ਪਾਓ ਕਿ ਉਹ ਇੱਕ ਟ੍ਰੇਨਿੰਗ ਸੈਸ਼ਨ ਲਈ ਸੁਵਿਧਾ ਜਰੂਰ ਉਪਲਬਧ ਕਰਾਉਣ ਜੋ ਕਿ ਇਹਨਾਂ ਵੱਡਾ ਹੋਵੇ ਕਿ ਗਤੀਵਿਧੀ ਦੌਰਾਨ ਪ੍ਰਤਿਭਾਗੀ ਅਤੇ ਮਦਦਗਾਰ ਅਸਾਨੀ ਨਾਲ ਚਲ ਫਿਰ ਸਕਣ ਅਤੇ ਗਤਿਵਿਧੀਆਂ ਕਰ ਸਕਣ।

**(ਖ) ਸੈਸ਼ਨ ਲਈ ਵਿਦਿਅਕ ਯੋਜਨਾ:**

- ਕਲਾ ਏਕੀਕ੍ਰਿਤ ਅਧਿਆਪਨ ਮਾਡਿਊਲ ਨੂੰ ਦੇਖੋ ਅਤੇ ਉਹਨਾਂ ਗਤਿਵਿਧੀਆਂ ਦਾ ਚੋਣ ਕਰੋ ਜਿਸ ਵਿੱਚ ਤੁਸੀਂ ਸਹਿਜ ਮਹਿਸੂਸ ਕਰਦੇ ਹੋ। ਤੁਸੀਂ AIL ਦੀ ਅਵਧਾਰਨਾ ਦੇ ਅਧਾਰ ਤੇ ਆਪਣੇ ਸੈਸ਼ਨ ਦੀ ਰੂਪ-ਰੇਖਾ ਵੀ ਬਣਾ ਸਕਦੇ ਹਾਂ।
- ਪੈਡਾਗੋਜੀਕਲ ਯੋਜਨਾਵਾਂ ਦੇ ਨਾਲ ਦਿੱਤੇ ਗਏ ਮੁਲਾਂਕਣ ਦੇ ਸੁਝਾਵਾਂ ਦਾ ਪ੍ਰਯੋਗ ਕਰੋ। 'ਸਿੱਖਣ ਦੇ ਰੂਪ ਵਿੱਚ ਮੁਲਾਂਕਣ' ਦੇ ਬਾਰੇ ਵਿੱਚ SRG/ਅਧਿਆਪਕਾਂ ਨੂੰ ਜਾਣਕਾਰੀ ਦਿਓ।

- ਵੱਖ-ਵੱਖ ਅਵਧਾਰਨਾਵਾਂ/ ਵਿਸ਼ਿਆਂ ਦੇ ਅਨੁਭਵਾਤਮਕ ਸਿੱਖਣ ਲਈ SRG/ਅਧਿਆਪਕਾਂ ਲਈ AIL ਨੂੰ ਪੈਡਾਗੋਜੀ ਦੇ ਰੂਪ ਵਿੱਚ ਸਮਝਣ ਲਈ ਤਿਆਰ ਕੀਤੇ ਕੀਤੇ ਗਏ ਸੈਸ਼ਨ ਵੱਖ ਵੱਖ ਵਿਸ਼ਿਆਂ ਤੇ ਅਧਾਰਿਤ ਹਨ। ਨਾਲ ਹੀ ਇਹ ਉਹਨਾਂ ਨੂੰ ਅਜਿਹੇ ਹੋਰ ਸੈਸ਼ਨਾਂ ਦੀ ਯੋਜਨਾ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ।

- ਸੈਸ਼ਨ ਵਿੱਚ ਸਿੱਖਣ ਨਤੀਜਿਆਂ (Learning Outcomes) ਦੇ ਦੋ ਸੈੱਟ ਹੁੰਦੇ ਹਨ। ਇੱਕ ਐਸ.ਆਰ.ਜੀ./ ਅਧਿਆਪਕਾਂ ਲਈ ਜਿਸਦਾ ਮੁਲਾਂਕਣ AIL ਸੈਸ਼ਨ ਦੇ ਬਾਦ ਕੀਤੀ ਜਾਂਦੀ ਹੈ ਅਤੇ ਦੂਜਾ ਸੈੱਟ ਜੋ ਵੱਖ ਵੱਖ ਵਿਸ਼ਿਆਂ ਅਤੇ ਜੀਵਨ ਦੀਆਂ ਨਿਪੁਨਤਾਵਾਂ ਨਾਲ ਸੰਬੰਧਤ ਹੁੰਦਾ ਹੈ ਅਤੇ ਜਿਸ ਨੂੰ AIL ਨੂੰ ਪੈਡਾਗੋਜੀ ਦੇ ਰੂਪ ਵਿੱਚ ਪ੍ਰਯੋਗ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

- ਸਾਡੇ ਪ੍ਰਾਇਮਰੀ ਸਕੂਲਾਂ ਦੀ (ਖਾਸ ਕਰਕੇ ਪੇਂਡੂ) ਦੀ ਵੱਡੀ ਸੰਖਿਆ ਬਹੁ-ਵਰਗ ਅਧਿਆਪਨ ਵਿੱਚ ਹੈ। ਇਸ ਲਈ ਇਹ ਦੱਸਣਾ ਬਹੁਤ ਜਰੂਰੀ ਹੈ ਕਿ ਕਿਵੇਂ AIL ਪੈਡਾਗੋਜੀ ਦਾ ਪ੍ਰਯੋਗ ਇਸ ਸਥਿਤੀ ਨੂੰ ਬਿਹਤਰ ਢੰਗ ਨਾਲ ਸੰਭਾਲ ਸਕਦਾ ਹੈ।
- ਅੰਤ ਵਿੱਚ ਇਹ ਵੀ ਜਰੂਰੀ ਹੈ ਕਿ ਸਮੇਂ-ਸਮੇਂ ਤੇ ਰੁਕਾਵਟਾਂ ਨੂੰ ਹਟਾਉਣ ਲਈ ਇਸ ਵਿੱਚ ਸਿਖਿਆਰਥੀਆਂ ਦੀ 100% ਭਾਗੀਦਾਰੀ ਸੁਨਿਸ਼ਚਿਤ ਹੋਵੇ ਨਾਲ ਹੀ ਸਮੂਹ ਚਰਚਾ ਅਤੇ ਵਿਚਾਰ-ਮੰਥਨ ਦੇ ਸੈਸ਼ਨ ਸਭ ਨੂੰ ਅਲਗ-2 ਕੰਮ ਦੇਣਾ ਅਤੇ ਸਮੂਹ ਪਰਿਯੋਜਨਾਵਾਂ ਦੀ ਵਰਤੋਂ ਜਰੂਰੀ ਹੈ।

**(ਗ) ਏ.ਆਈ.ਐਲ ਵਿੱਚ ਕਲਾ ਅਧਿਆਪਕਾਂ (ਦ੍ਰਿਸ਼ ਅਤੇ ਪ੍ਰਦਰਸ਼ਨ ਕਲਾ ) ਦੀ ਭੂਮਿਕਾ**

AIL ਸਕੂਲੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਆਨੰਦਮਈ ਅਤੇ ਅਨੁਭਵਾਤਮਕ ਤਰੀਕਿਆਂ ਨਾਲ ਸਿੱਖਣ ਲਈ ਕਲਾ ਨੂੰ ਪ੍ਰੋਤਸਾਹਿਤ ਕਰਦਾ ਹੈ। ਜਿਸ ਵਿੱਚ ਕਲਾ ਅਧਿਆਪਕਾਂ ਸਹਿਤ ਹਰੇਕ ਅਧਿਆਪਕ ਨੂੰ ਕਲਾ ਦਾ ਉਪਯੋਗ ਇੱਕ ਮਾਧਿਅਮ ਦੇ ਰੂਪ ਵਿੱਚ ਕਰਨ ਦੇ ਕੌਸ਼ਲ ਨੂੰ ਸਮਝਣ ਦੀ ਜ਼ਰੂਰਤ ਹੁੰਦੀ ਹੈ। AIL ਵਿੱਚ ਕਲਾ ਅਧਿਆਪਕਾਂ ਦਾ ਦੂਹਰਾ ਕੰਮ ਹੁੰਦਾ ਹੈ।

1. ਕਲਾ ਨੂੰ ਇੱਕ ਵਿਸ਼ੇ ਦੇ ਰੂਪ ਵਿੱਚ ਪੜ੍ਹਾਉਣ ਅਤੇ ਸਿਖਾਉਣ ਦੇ ਦੌਰਾਨ AIL ਦਾ ਉਪਯੋਗ ਕਰਨਾ ਅਤੇ
2. ਸਮੂਹ ਅਧਿਆਪਨ ਪ੍ਰਣਾਲੀ ਦੇ ਤਹਿਤ ਯੋਜਨਾ ਬਨਾਉਣ ਅਤੇ ਜਮਾਤ ਵਿੱਚ ਸਿੱਖਣ-ਸਿਖਾਉਣ ਦੇ ਵਿਸ਼ੇ ਵਿੱਚ ਅਧਿਆਪਕਾਂ ਦੀ ਮੱਦਦ ਕਰਨਾ।

AIL ਨੇ ਕਲਾ ਅਧਿਆਪਕਾਂ ਦੀ ਮੌਜੂਦਾ ਭੂਮਿਕਾ ਵਿੱਚ ਕੁੱਝ ਵਾਧੂ ਜਿੰਮੇਵਾਰੀਆਂ ਵੀ ਸ਼ਾਮਿਲ ਕਰ ਦਿੱਤੀਆਂ ਹਨ।

# ਕਲਾ ਏਕੀਕ੍ਰਿਤ ਅਧਿਆਪਨ ਸੈਸ਼ਨ-1

ਵਿਸ਼ਾ:- ਅੰਗਰੇਜ਼ੀ , ਜਮਾਤ ਅੱਠਵੀਂ, ਅਧਿਆਇ-8- 'ਏ ਸ਼ਾਰਟ ਮਾਨਸੂਨ ਡਾਅਰੀ'

ਇਸ ਸੈਸ਼ਨ ਦੇ ਅਧਾਰ ਤੇ ਵਿਦਿਆਰਥੀਆਂ ਦੁਆਰਾ ਹੇਠ ਲਿਖੇ ਸਿੱਖਣ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ-

## ਅੱਪਰ -ਪ੍ਰਾਇਮਰੀ - ਅੰਗਰੇਜ਼ੀ

ਸਿਖਿਆਰਥੀ:

- ਸਕੂਲ ਅਤੇ ਸਾਰਵਜਨਿਕ ਸਥਾਨਾਂ ਜਿਵੇਂ ਰੇਲਵੇ ਸਟੇਸ਼ਨ, ਬਜਾਰਾਂ, ਹਵਾਈ ਅੱਡੇ, ਸਿਨੇਮਾ ਹਾਲ ਦੇ ਨਿਰਦੇਸ਼ਾਂ ਯੋਜਨਾਵਾਂ ਦਾ ਪਾਲਨ ਕਰਦਾ ਹੈ ਅਤੇ ਉਸ ਦੇ ਅਨੁਸਾਰ ਕੰਮ ਕਰਦਾ ਹੈ;
- ਵੱਖ -ਵੱਖ ਸੰਦਰਭਾਂ ਅਤੇ ਸਥਿਤੀਆਂ ਵਿੱਚ ਪ੍ਰਸ਼ਨ ਪੁੱਛਦਾ ਹੈ (ਉਦਾਹਰਣ ਲਈ ਗੱਲਬਾਤ ਦੇ ਦੌਰਾਨ ਢੁੱਕਵੀਂ ਸ਼ਬਦਾਵਲੀ ਅਤੇ ਸਟੀਕ ਵਾਕਾਂ ਦੀ ਵਰਤੋਂ ਕਰਦੇ ਹੋਏ ਪਾਠ ਤੇ ਅਧਾਰਿਤ-। ਪਾਠ ਤੋਂ ਵੱਖਰੇ)।
- ਸਕੂਲ ਅਤੇ ਹੋਰ ਅਜਿਹੀਆਂ ਸੰਸਥਾਵਾਂ ਦੁਆਰਾ ਆਯੋਜਿਤ ਕੀਤੇ ਪ੍ਰੋਗਰਾਮਾਂ ਜਿਵੇਂ ਵਾਰਤਾਲਾਪ ਗਤੀਵਿਧੀ , ਕਵਿਤਾ ਪਾਠ, ਨਾਟਕ, ਵਾਕ-ਵਿਵਾਦ, ਭਾਸ਼ਣ, ਵਿਆਖਾਣ,ਪ੍ਰਸ਼ਨ ਉੱਤਰ ਆਦਿ ਵਿੱਚ ਵੀ ਭਾਗ ਲੈਂਦਾ ਹੈ।
- ਕਹਾਣੀਆਂ (ਵਾਸਤਵਿਕ ਜਾਂ ਕਾਲਪਨਿਕ) ਅਤੇ ਵਾਸਤਵਿਕ ਜੀਵਨ ਦੇ ਤਜ਼ਰਬੇ ਸੁਣਾਉਂਦਾ ਹੈ।
- ਪੜ੍ਹਦਾ ਹੈ, ਸਮਾਨਤਾਵਾਂ ਵੇਖਦਾ ਹੈ, ਆਪਸੀ ਤੁਲਨਾ ਕਰਦਾ ਹੈ, ਗੰਭੀਰ ਰੂਪ ਵਿੱਚ ਵਿਚਾਰ ਕਰਦਾ ਹੈ ਅਤੇ ਵਿਚਾਰਾਂ ਨੂੰ ਜੀਵਨ ਨਾਲ ਜੋੜ ਕੇ ਵੇਖਦਾ ਹੈ।
- ਪ੍ਰਿੰਟ, ਆਨਲਾਈਨ, ਨੋਟਿਸ ਬੋਰਡ, ਸਮਾਚਾਰ ਪੱਤਰ ਆਦਿ ਤੋਂ ਸੂਚਨਾ ਪ੍ਰਾਪਤ ਕਰਕੇ ਲੇਖ ਤਿਆਰ ਕਰਦਾ ਹੈ।
- ਕਿਉਂਕਿ ਮਾਡਿਊਲ ਯੋਗਤਾ ਅਧਾਰਿਤ ਸਿੱਖਿਆ ਦਾ ਸਮਰਥਨ ਕਰਦਾ ਹੈ, ਇਸ ਲਈ ਅਸੀਂ ਸਿੱਖਣ ਨਤੀਜਿਆਂ (LO) ਨੂੰ ਮੁੱਖ ਕੇਂਦਰ ਰੱਖਦੇ ਹੋਏ ਗਤੀਵਿਧੀਆਂ ਦੀ ਰੂਪਰੇਖਾ ਤਿਆਰ ਕਰਨ ਦਾ ਸੁਝਾਅ ਦਿੰਦੇ ਹਾਂ।
- ਇੱਥੇ ਦਿੱਤੀਆਂ ਗਈਆਂ ਸਾਰੀਆਂ ਗਤੀਵਿਧੀਆਂ ਨੂੰ ਵੀ LO ਨੂੰ ਕੇਂਦਰ ਬਿੰਦੂ ਰੱਖ ਕੇ ਹੀ ਤਿਆਰ ਕੀਤਾ ਗਿਆ ਹੈ ਅਤੇ ਸਮੱਗਰੀ NCERT ਦੀਆਂ ਪਾਠ -ਪੁਸਤਕਾਂ ਵਿੱਚੋਂ ਹੀ ਲਈ ਗਈ ਹੈ।ਵੱਖ -ਵੱਖ ਰਾਜ ਆਪਣੀਆਂ ਪਾਠ ਪੁਸਤਕਾਂ ਪਾਠਕ੍ਰਮ ਦੀ ਸਹਾਇਤਾ ਲੈ ਸਕਦੇ ਹਨ।

**ਕਲਾਸ ਸਮੱਗਰੀ ਅਤੇ ਲੋੜੀਂਦੇ ਉਪਕਰਣ:**

ਕਾਗਜ ਅਤੇ ਪੈਂਸਿਲ , ਕੈਂਚੀ, ਗੂੰਦ, ਚਾਰਟਪੇਪਰ, ਮੋਮੀ ਰੰਗ , ਪੁਰਾਨੇ ਅਖਬਾਰ, ਮੈਗਜ਼ੀਨ, ਸਕੈਚ ਪੈਨ, ਡਬਲ ਟੇਪ, ਸੈਲੋ ਟੇਪ। ਸਰਲ ਸੰਗੀਤ ਤਿਆਰ ਕਰਨ ਲਈ 'ਡਫਲੀ' ਜਾਂ ਮੰਜੀਰੇ। AIL ਗਤੀਵਿਧੀਆਂ ਦੀ ਯੋਜਨਾ ਬਨਾਉਣ ਸਮੇਂ ਸਥਾਨਕ ਤੌਰ ਤੇ ਉਪਲੱਬਧ ਸਮੱਗਰੀ ਨੂੰ ਪਹਿਲ ਦੇਣ ਦਾ ਸੁਝਾਅ ਦਿੱਤਾ ਜਾਂਦਾ ਹੈ।

**ਲੋੜੀਂਦਾ ਅੰਦਾਜ਼ਨ ਟ੍ਰੇਨਿੰਗ ਸਮਾਂ**
**(2 ਘੰਟੇ 40 ਮਿੰਟ)**
**ਪੈਡਾਗੋਜੀਕਲ ਨੀਤੀਆਂ**

**ਗਤੀਵਿਧੀ-1 (10 ਮਿੰਟ)**

ਬਰਸਾਤ ਦਾ ਇੱਕ ਦਿਨ (ਬਰਸਾਤ ਦੀਆਂ ਬੂੰਦਾਂ ਦੀ ਅਵਾਜ਼ ਸਰੀਰ ਨਾਲ ਪੈਦਾ ਕਰੋ ਅਤੇ ਬਰਸਾਤ ਵਿੱਚ ਭਿੱਜਣ ਦਾ ਨਾਟਕ ਕਰੋ)



ਹੁਣ ਅਸੀਂ ਸਾਰੇ ਖੜੇ ਹੁੰਦੇ ਹਾਂ ਅਤੇ ਇੱਕ ਉਂਗਲ ਨਾਲ ਤਾੜੀ ਬਜਾਉਂਦੇ ਹੋਏ ਧੁਨੀ ਕੱਢਦੇ ਹਾਂ, ਫਿਰ ਦੋ ਉਗਲਾਂ , ਤਿੰਨ ਉਗਲਾਂ , ਚਾਰ ਉਗਲਾਂ ਅਤੇ ਅੰਤ ਵਿੱਚ ਪੰਜ ਉਗਲਾਂ ਦੇ ਨਾਲ। ਮੱਦਦਗਾਰ ਇੱਕ ਪ੍ਰਕਾਰ ਦੀ ਤਾੜੀ ਤੋਂ ਦੂਜੀ ਪ੍ਰਕਾਰ ਦੀ ਤਾੜੀ ਬਜਾਉਣ ਲਈ ਨਿਰਦੇਸ਼ ਦੇਵੇਗਾ ਅਤੇ ਪ੍ਰਤੀਭਾਗੀ ਉਸੇ ਤਰ੍ਹਾਂ ਹੀ ਕਰਨਗੇ।

ਹੁਣ ਅਸੀ ਅੱਖਾਂ ਬੰਦ ਕਰਕੇ ਇਸ ਅਨੁਭਵ ਨੂੰ ਦੁਹਰਾਵਾਂਗੇ। ਉਹਨਾਂ ਨੂੰ ਇੱਕ ਉਂਗਲ ਤੋਂ ਪੰਜ ਉਂਗਲ ਤੱਕ ਅਤੇ ਪੰਜ ਤੋਂ ਇੱਕ ਉਂਗਲ ਤੱਕ ਲੈ ਕੇ ਜਾਂਦੇ ਹੋਏ । ਇਸ ਨਾਲ ਹਲਕੀ ਤੋਂ ਤੇਜ਼ ਬਰਸਾਤ ਦੀ ਅਵਾਜ਼ ਪੈਦਾ ਹੋਵੇਗੀ ਅਤੇ ਫਿਰ ਤੇਜ਼ ਤੋਂ ਹਲਕੀ ਬਰਸਾਤ ਦੀ ਅਵਾਜ਼ ਹੋਵੇਗੀ।

ਅਗਲਾ ਕਦਮ ਹੈ- ਅੱਧੇ ਪ੍ਰਤੀਭਾਗੀ ਬਰਸਾਤ ਦੀਆਂ ਬੂੰਦਾਂ ਦੀ ਅਵਾਜ਼ ਪੈਦਾ ਕਰਨਗੇ ਅਤੇ ਅੱਧੇ ਅੱਖਾਂ ਬੰਦ ਕਰਕੇ ਇੰਝ ਜਤਾਉਣਗੇ ਜਿਵੇਂ ਉਹ ਬਰਸਾਤ ਦਾ ਮਜ਼ਾ ਲੈ ਰਹੇ ਹੋਣ।

ਅੱਗੇ ਕੀਤੀ ਜਾਣ ਵਾਲੀ ਗਤੀਵਿਧੀ (Follow-up) ਦੇ ਲਈ ਸੁਝਾਏ ਗਏ ਪ੍ਰਸ਼ਨ ਹੋ ਸਕਦੇ ਹਨ:

- ਕੀ ਤੁਸੀਂ ਬਰਸਾਤ ਦੀ ਅਵਾਜ਼ ਸੁਣ ਸਕਦੇ ਹੋ?
- ਕੀ ਤੁਸੀਂ ਬਰਸਾਤ ਨਾਲ ਸਬੰਧਤ ਆਪਣੇ ਬਚਪਨ ਦੇ ਜਾਂ ਕਿਸੇ ਹੋਰ ਅਨੁਭਵ ਨੂੰ ਯਾਦ ਕਰ ਸਕੇ?
- ਜਦੋਂ ਤੁਸੀਂ ਬਰਸਾਤ ਵਿੱਚ ਭਿੱਜਣ ਦਾ ਦਿਖਾਵਾ ਕਰ ਰਹੇ ਸੀ, ਤਾਂ ਤੁਹਾਨੂੰ ਕਿਹੋ ਜਿਹਾ ਲੱਗਿਆ?

**ਗਤੀਵਿਧੀ-2 (10 ਮਿੰਟ)**

ਬਰਸਾਤ ਤੇ ਨਾਟਕ ਦਾ ਖੇਡ (ਸਮੂਹ ਬਨਾਉਣ ਲਈ)
ਗਤੀਵਿਧੀ ਸ਼ੁਰੂ ਕਰਨ ਤੋਂ ਪਹਿਲਾਂ ਨਿਰਦੇਸ਼ਾਂ ਨੂੰ ਸਪਸ਼ਟ ਕਰੋ ਅਤੇ ਇਹ ਪੱਕਾ ਕਰੋ ਕਿ ਪ੍ਰਤੀਭਾਗੀ ਇਹਨਾਂ ਨੂੰ ਸਮਝਣ।

ਨਿਰਦੇਸ਼ - ਅਸੀ ਸਾਰੇ ਇੱਕ ਲੈਅ ਵਿੱਚ ਗਾਵਾਂਗੇ 'ਤੇਜ਼ ਬਾਰਿਸ਼ ਹੋ ਰਹੀ ਹੈ, ਭੱਜੋ, ਭੱਜੋ.... ਭੱਜੋ....' ਅਤੇ ਭੱਜਦੇ ਹੋਏ ਸੰਗੀਤ ਦੇ ਨਾਲ ਨਾਲ ਗਾਂਦੇ ਹੋਏ ਭੱਜਾਗੇਂ। ਦਿੱਤੀ ਗਈ ਸੰਖਿਆ ਦੇ ਬੋਲੇ ਜਾਣ ਤੇ ਹੀ ਉਂਨੀ ਸੰਖਿਆ ਦੇ ਗੁਰੱਪ ਵਿੱਚ ਇੱਕ ਕਾਲਪਨਿਕ ਆਸਰੇ ਤੇ ਨੀਚੇ ਇੱਕਠੇ ਹੋ ਜਾਵਾਗੇ। ਉਦਾਹਰਣ ਲਈ, ਜੇਕਰ ਮੈਂ 'ਪੰਜ' ਦੇ ਆਸਰੇ ਲਈ ਕਹਿੰਦਾ ਹਾਂ ਤਾਂ ਤੁਸੀਂ ਫੌਰਨ ਪੰਜ-ਪੰਜ ਦੇ ਸਮੂਹ ਵਿੱਚ ਇੱਕਠੇ ਹੋ ਜਾਵੋਗੇ। ਜੇਕਰ ਤੁਸੀਂ ਪੰਜ ਤੋਂ ਵੱਧ ਜਾਂ ਘੱਟ ਮੈਂਬਰਾਂ ਵਾਲੇ ਗਰੁੱਪ ਵਿੱਚ ਇੱਕਠੇ ਹੋ ਰਹੇ ਹੋ ਤਾਂ ਤੁਹਾਨੂੰ ਖੇਡ ਤੋਂ ਬਾਹਰ ਮੰਨਿਆ ਜਾਵੇਗਾ।
ਖੇਡ ਨੂੰ ਲੋੜੀਂਦੇ ਸਮੂਹ ਵਿੱਚ ਪ੍ਰਤੀਭਾਗੀਆਂ ਨੂੰ ਵੱਡਣ ਲਈ ਵੀ ਇਸੇ ਤਰ੍ਹਾਂ ਜਾਰੀ ਰੱਖ ਸਕਦੇ ਹਾਂ।

ਸਾਰੇ ਪ੍ਰਤਿਭਾਗੀ ਗਾਉਣਗੇ- 'ਤੇਜ ਬਰਸਾਤ ਹੋ ਰਹੀ ਹੈ- ਭੱਜੋ ਭੱਜੋ ਅਤੇ ਸੰਗੀਤ ਦੀ ਗਤੀ ਅਨੁਸਾਰ ਵੱਖ- ਵੱਖ ਦਿਸ਼ਾਵਾਂ ਵਿੱਚ ਭੱਜਣ ਦੀ ਕੋਸ਼ਿਸ ਕਰਨਗੇ। ਉਪੱਰ ਦਿੱਤੇ ਨਿਰਦੇਸ਼ਾਂ ਦਾ ਪਾਲਨ ਕਰੋ । ਲੋੜੀਂਦੇ ਸੰਖਿਆ ਤੱਕ ਪਹੁੰਚਣ ਲਈ ਪ੍ਰਕਿਰਿਆ ਦੁਹਰਾਓ। ਇਥੇ ਉਦੇਸ਼ ਸਿਰਫ ਸਮੂਹਾਂ ਨੂੰ ਬਣਾਉਣਾ ਨਹੀਂ ਹੈ ਬਲਕਿ ਇਸ ਥਿਏਟਰ ਖੇਡ ਰਾਹੀਂ ਸਭ ਨੂੰ

ਬਰਸਾਤ ਨਾਲ ਜੋੜਣ ਅਤੇ ਉਸਦੇ ਮਾਧਿਅਮ ਨਾਲ ਪਾਣੀ ਨਾਲ ਜੋੜਨਾ ਵੀ ਸ਼ਾਮਲ ਹੈ। ਪੂਰੇ ਨਾਟਕ ਦੌਰਾਣ ਉਹਨਾਂ ਨੂੰ ਨਾਟਕ ਕਰਨ ਲਈ ਪ੍ਰੋਤਸਾਹਿਤ ਕਰੋ। ਇੰਝ ਲੱਗੇ ਕਿ ਉਹ ਸਚੁਮੱਚ ਹੀ ਤੇਜ਼ ਬਰਸਾਤ ਦਾ ਸਾਹਮਣਾ ਅਤੇ ਕਿਸੇ ਆਸਰੇ ਦੀ ਤਲਾਸ਼ ਕਰ ਰਹੇ ਹਨ।

ਹਰੇਕ ਸਮੂਹ ਨੂੰ ਇੱਕ ਘੇਰੇ ਵਿੱਚ ਆਹਮਣੇ ਸਾਹਮਣੇ ਬੈਠਣ ਲਈ ਕਹੋ। ਬਿਹਤਰ ਹੋਵੇਗਾ ਜੇਕਰ ਸਮਾਂ ਬਚਾਉਣ ਲਈ ਹਾਲ ਵਿੱਚ ਪਹਿਲਾਂ ਤੋਂ ਹੀ ਇਸ ਤਰ੍ਹਾਂ ਬੈਠਣ ਦਾ ਬੰਦੋਬਸਤ ਕਰ ਲਿਆ ਜਾਵੇ।

ਅੱਗੇ ਹੋਣਵਾਲੀ ਗਤੀਵਿਧੀ ਪ੍ਰਸ਼ਨ-ਉੱਤਰ ਦੀ ਪ੍ਰਣਾਲੀ ਵਿੱਚ ਹੋ ਸਕਦੀ ਹੈ। ਮੱਦਦਗਾਰ ਵਿਸ਼ੇ ਨਾਲ ਸਬੰਧਤ ਚਾਹੇ ਜਿੰਨੇ ਵੀ ਪ੍ਰਸ਼ਨ ਸ਼ਾਮਿਲ ਕਰ ਸਕਦੇ ਹਨ। ਸੁਝਾਏ ਗਏ ਕੁੱਝ ਪ੍ਰਸ਼ਨ:

1. ਜਦੋਂ ਤੁਸੀਂ ਆਸਰਾ ਲੈਣ ਲਈ ਭੱਜ ਰਹੇ ਸੀ ਤਾਂ ਕੀ ਸੋਚ ਰਹੇ ਸੀ?
2. ਇਸ ਸਥਿਤੀ ਦੇ ਆਪਣੇ ਅਨੁਭਵ ਨੂੰ ਕੌਣ ਸਾਂਝਾ ਕਰੇਗਾ?

5-6 ਵਿਅਕਤੀਆਂ ਨੂੰ ਉੱਤਰ ਦੇਣ ਲਈ ਕਹੋ ਕਿਉਂਕਿ ਸਭ ਦੇ ਉੱਤਰ ਇੱਕ ਦੂਜੇ ਤੋਂ ਵੱਖ- ਵੱਖ ਹੋਣਗੇ।

## ਅਧਿਆਪਨ ਦੇ ਰੂਪ ਵਿੱਚ ਮੁਲਾਂਕਣ

- ਉਹਨਾਂ ਦੇ ਬਾਰਿਸ਼ ਨਾਲ ਜੁੜੇ ਅਨੁਭਵਾਂ ਦਾ ਪਤਾ ਲਗਾਓ ਅਤੇ ਉਹਨਾਂ ਨੂੰ ਉਹਨਾਂ ਵਿਸ਼ਿਆਂ ਨਾਲ ਜੋੜਨ ਦੀ ਕੋਸ਼ਿਸ਼ ਕਰੋ ਜਿਸ ਬਾਰੇ ਉਹ ਸਿੱਖਣ ਜਾ ਰਹੇ ਹਨ।
- ਇੱਥੇ ਉਦੇਸ਼ ਹੈ- ਪ੍ਰਤੀਭਾਗੀਆਂ ਨੂੰ ਸੋਚਣ, ਪਤਾ ਲਗਾਉਣ, ਕਲਪਨਾ ਕਰਨ, ਵਿਚਾਰ ਸਾਂਝੇ ਕਰਨ ਅਤੇ ਇੱਕ ਦੂਜੇ ਦੇ ਅਨੁਭਵਾਂ ਨੂੰ ਸੁਣਨਾ।
- ਉੱਤਰ ਦੇਣ ਦੀਆਂ ਉਹਨਾਂ ਦੀਆਂ ਕੋਸ਼ਿਸ਼ਾਂ ਨੂੰ ਪ੍ਰੋਤਸਾਹਿਤ ਕਰੋ ਅਤੇ ਪ੍ਰਸ਼ੰਸਾ ਕਰੋ।
- ਮੱਦਦਗਾਰ ਅੱਗੇ ਵੱਧ ਕੇ ਪਹਿਲ ਕਰਨ ਦੀ ਯੋਗਤਾ, ਧਿਆਨ ਅਤੇ ਇਕਾਗਰਤਾ, ਸੂਝ -ਬੂਝ ਅਤੇ ਯਾਦ ਰੱਖਣ ਦੀ ਯੋਗਤਾ ਅਤੇ ਨਿਰਦੇਸ਼ਾਂ ਦੀ ਪਾਲਨ ਦੀ ਯੋਗਤਾ ਦਾ ਅਵਲੋਕਨ ਕਰ ਸਕਦੇ ਹਨ।



- ਆਪਣੇ ਅਨੁਭਵਾਂ ਦਾ ਵਰਨਣ ਕਰਨ ਲਈ ਵਰਤੀ ਸ਼ਬਦਾਵਲੀ ਅਤੇ ਸੰਚਾਰ ਕੁਸ਼ਲਤਾ ਦੀ ਵਰਤੋਂ ਦਾ ਮੁਲਾਕਣ ਕਰ ਸਕਦੇ ਹਾਂ।

### ਗਤੀਵਿਧੀ-3 (30 ਮਿੰਟ)

**ਪੋਸਟਰ ਬਣਾਨਾ (ਗਰੁੱਪ ਕਿਰਿਆ)**

ਵਿਚਾਰ–ਵਿਮਰਸ਼(Brain Storming) ਕਰਨ ਵਾਲੇ ਸਵਾਲਾਂ ਤੋਂ ਸ਼ੁਰੂ ਕਰੋ, ਜਿਵੇਂ :

- ਤੁਹਾਨੂੰ ਕਿਉਂ ਲਗਦਾ ਹੈ ਕਿ ਅੱਜ ਸਾਡੇ ਲਈ ਵਰਖਾ ਕਿੰਨ੍ਹੀ ਮਹੱਤਵਪੂਰਨ ਹੈ?
- ਕੀ ਤੁਹਾਨੂੰ ਲਗਦਾ ਹੈ ਕਿ ਪਾਣੀ ਅੱਜ ਇੱਕ ਮੁੱਦਾ ਹੈ?
- ਕੀ ਤੁਹਾਨੂੰ ਲਗਦਾ ਹੈ ਪਾਣੀ ਸਾਡਾ ਜੀਵਨ ਜਾਂ ਧਰਤੀ ਉੱਤੇ ਜੋ ਜੀਵਨ ਹੈ, ਉਸਨੂੰ ਪ੍ਰਭਾਵਿਤ ਕਰ ਸਕਦਾ ਹੈ।
- ਪਾਣੀ ਕਿਸ ਤਰ੍ਹਾਂ ਸਾਡੇ ਲਈ ਇੱਕ ਅਨਮੋਲ ਸਰੋਤ ਹੈ?

ਆਓ ਅਸੀਂ ਇੱਕ ਸਮੂਹ ਵਿੱਚ ਇਹਨਾਂ ਵਿੱਚੋਂ ਕਿਸੇ ਇੱਕ ਪਹਿਲੂ ਤੇ ਪੋਸਟਰ ਜਾਂ Collage ਬਣਾਉਂਦੇ ਹਾਂ। ਪੋਸਟਰ ਜਾਂ Collage ਵਿੱਚ ਸੰਦੇਸ਼ ਲਿਖੇ ਹੋਣੇ ਚਾਹੀਦੇ ਹਨ, ਨਾਲ ਹੀ ਇਸ ਵਿੱਚ ਕਿਸ ਸੱਮਗਰੀ/ਅਭਿਵਿਅਕਤੀ ਵੀ ਹੋਣੀ ਚਾਹੀਦੀ ਹੈ।ਹਰ ਕਿਸੇ ਨੂੰ(CWSN ਸਹਿਤ ਜੇ ਕੋਈ ਹੋਵੇ) ਇਸ ਪ੍ਰਕਿਰਿਆ ਦਾ ਹਿੱਸਾ ਹੋਣਾ ਜ਼ਰੂਰੀ ਹੈ। ਬਿਹਤਰ ਇਹੀ ਹੋਵੇਗਾ ਕਿ ਹਰੇਕ ਗਰੁੱਪ ਵਿੱਚੋਂ ਇੱਕ ਵਿਅਕਤੀ ਟੀਮ ਲੀਡਰ ਦੀ ਭੂਮਿਕਾ ਨਿਭਾਵੇ, ਜੋ ਵਿਸ਼ੇ ਉੱਤੇ Debate ਜਾਂ ਵਿਚਾਰ ਵਿਮਰਸ਼ ਦਾ ਸੰਚਾਲਨ ਕਰੇ।

*ਹਰੇਕ participant ਵਿੱਚ ਵਿਸ਼ੇ ਨਾਲ ਸਬੰਧਤ ਵੱਧ ਤੋਂ ਵੱਧ ਵਿਚਾਰ ਪ੍ਰਕਟ ਕਰਨ ਲਈ ਰਚਨਾਤਮਕਤਾ ਨੂੰ ਵਧਾਉਣ ਲਈ Brain Storming ਇੱਕ ਵਿਵਹਾਰਿਕ ਅਭਿਆਸ ਹੈ। ਇਸ ਪ੍ਰਕਿਰਿਆ ਦੇ ਦੌਰਾਨ ਕੋਈ ਮੁਲਾਂਕਣ ਨਹੀਂ ਕੀਤਾ ਜਾਂਦਾ, ਇਸ ਲਈ ਇਸ ਵਿੱਚ ਕੁੱਝ ਸਹੀ ਜਾਂ ਗਲਤ ਨਹੀਂ ਹੁੰਦਾ।

ਮੁਲਾਂਕਣ– ਇਹ ਫੇਜ਼ ਮੁਲਾਂਕਣ ਦੇ ਲਈ ਅਵਲੋਕਨ ਸੂਚੀ ਦਾ ਉਪਯੋਗ ਕਰਨ ਦਾ ਮੌਕਾ ਦੇ ਸਕਦਾ ਹੈ। ਇਹ ਸਿੱਖਣ ਦੇ ਰੂਪ ਵਿੱਚ ਮੁਲਾਂਕਣ ਲਈ ਇੱਕ ਵਧੀਆ ਬਿੰਦੂ ਹੈ। ਬਣਾਏ ਗਏ ਪੋਸਟਰ ਅਤੇ ਚਿੱਤਰ portfolio ਵਿੱਚ ਸੰਜੋਏ ਜਾ ਸਕਦੇ ਹਨ।

## ਗਤੀਵਿਧੀ–4 (30 ਮਿੰਟ)

### ਪ੍ਰਸਤੁਤੀ ਅਤੇ ਪ੍ਰਸੰਸ਼ਾ

ਪੋਸਟਰ ਜਾਂ ਕੋਲਾਜ਼ ਦਾ ਕੰਮ ਪੂਰਾ ਹੋਣ ਤੋਂ ਬਾਅਦ, ਹਰੇਕ ਸਮੂਹ ਨੂੰ ਆਪਣੀ presentation ਦੇਣ ਅਤੇ ਵਿਸ਼ੇ ਉੱਤੇ ਆਪਣਾ ਵਿਚਾਰ ਸਾਂਝਾ ਕਰਨ ਲਈ ਬੁਲਾਇਆ ਜਾਵੇਗਾ।

ਪੋਸਟਰ ਜਾਂ ਕੋਲਾਜ਼ ਤੇ ਸਵੈ–ਮੁਲਾਂਕਣ ਅਤੇ ਸਹਿਕਰਮੀ ਮੁਲਾਂਕਣ ਨੂੰ ਪ੍ਰਸ਼ੰਸਾ ਦੇ ਰੂਪ ਵਿੱਚ ਅਤੇ ਪੜਚੋਲਾਤਮਕ ਵਿਸ਼ਲੇਸ਼ਣ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਗਤੀਵਿਧੀ ਦਾ ਉਪਯੋਗ ਕਲਾ ਮਾਧਿਅਮ ਰਾਹੀਂ ਸਿੱਖਣ ਦੇ ਰੂਪ ਵਿੱਚ ਉਸਦੀ ਸਮਰਥਾ ਦਾ ਆਂਕਲਣ ਕਰਨ ਲਈ ਵੀ ਕੀਤਾ ਜਾ ਸਕਦਾ ਹੈ।

*ਆਪਣੀ ਅਤੇ ਸਹਿਕਰਮੀ ਦੇ ਮੁਲਾਂਕਣ ਲਈ ਸੁਝਾਏ ਗਏ ਬਿੰਦੂ/ਸੰਕੇਤਕ ਸਵੈ–ਮੁਲਾਂਕਣ

*ਕੀ ਵਿਚਾਰਾਂ ਦਾ ਵਿਵੇਚਣ ਹੋਇਆ ਹੈ?

*ਕੀ ਟੀਮ ਦੇ ਵਿੱਚ ਮੇਲ-ਮਿਲਾਪ ਸੀ?

ਕੀ ਤੁਹਾਨੂੰ ਲਗਦਾ ਹੈ ਕਿ ਪੋਸਟਰ ਬਨਾਉਣ ਦੀ ਗਤੀਵਿਧੀ ਸਮੂਹ ਦੀ ਥਾਂ ਤੇ ਕਿਸੀ ਵਿਅਕਤੀ ਨੂੰ ਦਿੱਤੀ ਜਾਂਦੀ ਤਾਂ ਬਿਹਤਰ ਹੁੰਦਾ?

ਸਹਿਕਰਮੀ ਦਾ ਮੁਲਾਂਕਣ

*ਦਿੱਤੇ ਗਏ ਵਿਸ਼ੇ ਦੇ ਅਨੁਸਾਰ ਪੋਸਟਰ ਦੀ ਸਮੱਗਰੀ ਜਾਂ ਸੰਦੇਸ਼ ਕਿੰਨ੍ਹੀ ਪ੍ਰਸੰਗਿਕ ਹੈ?

*ਕੀ ਪੋਸਟਰ ਦੇ ਮਾਧਿਅਮ ਨਾਲ ਸਮੂਹ ਦ੍ਰਿਸ਼ਟੀਗਤ ਰੂਪ ਵਿੱਚ ਆਪਣੀ ਗੱਲ ਸਮਝਾਉਣ ਦੇ ਕਾਬਿਲ ਸੀ?

*ਕੀ ਪੋਸਟਰ ਪੜਨਯੋਗ ਸੀ?

*ਕੀ ਪੋਸਟਰ ਸਮੱਗਰੀ ਦੇ ਨਾਲ ਪੋਸਟਰ ਦੀ ਪ੍ਰਸਤੁਤੀ/ਵਰਣਨ ਮੇਲ ਖਾਂਦਾ ਹੈ?

*ਪੋਸਟਰ ਦਾ ਸੰਪੂਰਨ ਪ੍ਰਭਾਵ ਕੀ ਸੀ?

ਅੱਗੇ ਕੀਤੇ ਜਾਣ ਵਾਲੀ ਗਤੀਵਿਧੀ(10 ਮਿੰਟ)

ਸਮੂਹ ਪੇਸ਼ਕਾਰੀ ਤੋਂ ਬਾਅਦ ਸੁਝਾਏ ਗਏ ਪ੍ਰਸ਼ਨ/ ਉੱਤਰ(ਹਰੇਕ ਪ੍ਰਸ਼ਨ 8-10 ਜਵਾਬ ਹੋ ਸਕਦੇ ਹਨ)

ਨੋਟ:- ਸੈਸ਼ਨ ਦੇ ਸਮਾਪਨ ਲਈ ਭਾਗੀਦਾਰਾਂ ਦੁਆਰਾ ਦਿੱਤੇ ਗਏ ਜਵਾਬ ਚਾਰਟ ਜਾਂ ਬੋਰਡ ਉੱਪਰ ਲਿਖੇ ਜਾ ਸਕਦੇ ਹਨ।

ਤੁਹਾਨੂੰ ਕੀ ਲਗਦਾ ਹੈ ਕਿ ਇਹ ਗਤੀਵਿਧੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਜਮਾਤਾਂ ਲਈ ਕਿੰਨ੍ਹੀ ਮਹੱਤਵਪੂਰਨ ਹੋ ਸਕਦੀ ਹੈ?

- 'ਵਰਖਾ' ਅਤੇ 'ਵਰਖਾ ਦਾ ਮਹੱਤਵ' ਦਾ ਇਹ ਅਨੁਭਵ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਜਮਾਤਾਂ ਲਈ ਕਿੰਨ੍ਹਾਂ ਮਹੱਤਵ ਪੂਰਨ ਹੈ?
- ਇਹ ਗਤੀਵਿਧੀ ਵਿਦਿਆਰਥੀਆਂ ਨੂੰ ਉਹਨਾਂ ਦੀ ਸਿੱਖਣ ਪ੍ਰਕਿਰਿਆ ਵਿੱਚ ਕਿਸ ਤਰ੍ਹਾਂ ਮਦਦ ਕਰ ਸਕਦੀ ਹੈ।

## ਗਤੀਵਿਧੀ-5 (10 ਮਿੰਟ)

ਉੱਪਰ ਦਿੱਤੇ ਗਏ ਪ੍ਰਸ਼ਨ-ਉਤਰ ਅਤੇ ਕੀਤੀ ਗਈ ਗਰੁੱਪ ਕਿਰਿਆ ਦੇ ਨਤੀਜਿਆਂ ਦੇ ਅਧਾਰ ਤੇ ਮਦਦਗਾਰ ਵੱਲੋ ਏ.ਆਈ.ਏਲ. ਦਾ ਵਿਚਾਰਿਕ ਸਪੱਸ਼ਟੀਕਰਨ-

1. ਕਲਾ ਏਕੀਕ੍ਰਿਤ ਸਿਖਲਾਈ ਕੀ ਹੈ?

2. ਦ੍ਰਿਸ਼ ਕਲਾਵਾਂ(ਵਿਜ਼ੂਅਲ ਆਰਟਸ) ਅਤੇ ਪ੍ਰਦਰਸ਼ਨ ਕਲਾਵਾਂ(ਪ੍ਰਫੋਮਿੰਗ ਆਰਟਸ) ਤੋਂ ਕੀ ਭਾਵ ਹੈ?
3. ਕਲਾ ਸਿੱਖਿਆ ਅਤੇ ਕਲਾ ਏਕੀਕ੍ਰਿਤ ਸਿੱਖਿਆ ਵਿੱਚ ਕੀ ਅੰਤਰ ਹੈ?
4. ਸਿੱਖਣ ਦੀ ਪ੍ਰਕਿਰਿਆ ਨੂੰ ਸੰਪੂਰਨ ਅਤੇ ਤਜ਼ਰਬਾ ਭਰਪੂਰ ਬਨਾਉਣ ਵਿੱਚ ਕਲਾ ਦੀ ਕੀ ਭੂਮਿਕਾ ਹੈ?
5. ਕਲਾ ਏਕੀਕ੍ਰਿਤ ਸਿੱਖਿਆ ਕਿਸ ਤਰ੍ਹਾਂ ਸਿੱਖਣ ਦੇ ਨਤੀਜੇ ਪ੍ਰਾਪਤ ਕਰਨ ਵਿੱਚ ਕਿਸ ਤਰ੍ਹਾਂ ਮਦਦ ਕਰਦੀ ਹੈ?
6. ਕਲਾ ਏਕੀਕ੍ਰਿਤ ਵਧੇਰੇ ਤੌਰ ਤੇ ਆਨੰਦ ਪ੍ਰਦਾਨ ਕਰਨ ਵਾਲੀ ਸਿੱਖਿਆ ਕਿਉਂ ਮੰਨਿਆ ਜਾਂਦਾ ਹੈ?
7. ਸਿੱਖਿਆ ਦੇ ਸਮਮਿਲਿਤ ਢਾਂਚੇ ਵਿੱਚ ਕਲਾ ਏਕੀਕ੍ਰਿਤ ਸਿੱਖਿਆ ਦੇ ਦ੍ਰਿਸ਼ਟੀਕੋਣ ਵਿੱਚ ਕਿਸ ਤਰ੍ਹਾਂ ਸਹਾਇਕ ਹੈ?

ਉਪਰੋਕਤ ਪ੍ਰਸ਼ਨਾਂ ਤੇ ਇਸ ਮਡਿਊਲ ਦੇ ਸ਼ੁਰੂਆਤ ਵਿੱਚ ਵਿਸਤ੍ਰਿਤ ਬਿਉਰਾ ਦਿੱਤਾ ਗਿਆ ਹੈ। ਨਾਲ ਹੀ ਇਸ ਵਿਸ਼ੇ ਤੇ ਵਧੇਰੇ ਜਾਣਕਾਰੀ ਲਈ 'ਟ੍ਰੇਨਿੰਗ ਪੈਕੇਜ ਆੱਨ ਆਰਟ ਐਜੂਕੇਸ਼ਨ ਫਾਰ ਪ੍ਰਾਇਮਰੀ ਟੀਚਰਜ਼' ਦੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ, ਮਡਿਊਲ ਸੰਖਿਆ 4 ਅਤੇ 5 ਵਿੱਚ ਜ਼ਰੂਰ ਦੇਖੋ।।
www.ncert.nic.in/departments/www.ncert.nic.in/departments/

## ਗਤੀਵਿਧੀ-6 (25 ਮਿੰਟ)

### ਕਲਾ ਏਕੀਕ੍ਰਿਤ ਸਿਖਲਾਈ ਦੀ ਯੋਜਨਾ ਅਤੇ ਵਿਕਾਸ ਗਤੀਵਿਧੀਆਂ(ਗਰੁੱਪਾਂ ਵਿੱਚ)

ਜਮਾਤ ਦੇ ਅਨੁਸਾਰ ਗਰੁੱਪਾਂ ਨੂੰ ਅਲਗ-2 ਵਿਸ਼ਿਆਂ ਦਿੱਤੇ ਜਾ ਸਕਦੇ ਹਨ। ਜਿਵੇਂ ਪ੍ਰਾਇਮਰੀ ਪੱਧਰ ਦੇ ਲਈ ਭਾਸ਼ਾ /ਈ.ਵੀ.ਐਸ, ਗਣਿਤ ਆਦਿ ਅਤੇ ਅੱਪਰ ਪ੍ਰਾਇਮਰੀ ਪੱਧਰ ਦੇ ਲਈ ਭਾਸ਼ਾ /ਵਿਗਿਆਨ, ਸਮਾਜਿਕ ਵਿਗਿਆਨ ਅਤੇ ਗਣਿਤ ਸਾਰੇ ਭਾਗੀਦਾਰਾਂ ਦੀ ਸੌ ਪ੍ਰਤੀਸ਼ਤ(100%) ਭਾਗੀਦਾਰੀ ਨੂੰ ਹੱਲਾਸ਼ੇਰੀ ਦੇਵੋ। ਇਹ ਏ.ਆਈ.ਐਲ.(A.I.L.) ਪ੍ਰਕਿਰਿਆ ਦਾ ਉਪਯੋਗ ਕਰਕੇ ਆਪਣੇ ਸੈਸ਼ਨਾਂ ਨੂੰ ਵਿਕਸਿਤ ਕਰਨ ਦਾ ਮੌਕਾ ਹੈ।

## ਗਤੀਵਿਧੀ 7 (25 ਮਿੰਟ)

### ਪ੍ਰਸਤੁਤੀ ਅਤੇ ਪ੍ਰਸ਼ੰਸਾ

ਏ.ਆਈ.ਐਲ. ਸੈਸ਼ਨ ਦੀ ਯੋਜਨਾ ਦੇ ਪੂਰਾ ਹੋਣ ਤੋਂ ਬਾਅਦ ਹਰੇਕ ਸਮੂਹ(Group) ਆਪਣੀ ਪ੍ਰਸਤੁਤੀ ਦੇਵੇਗਾ।

ਇਸ ਪ੍ਰਕਿਰਿਆ ਨੂੰ ਸਿੱਖਣ ਨਤੀਜੇ ਪ੍ਰਾਪਤ ਕਰਨ ਦੇ ਰੂਪ ਵਿੱਚ ਉਪਯੋਗ ਕੀਤਾ ਜਾ ਸਕਦਾ ਹੈ।

## ਗਤੀਵਿਧੀ 8 (10 ਮਿੰਟ)

ਏ.ਆਈ.ਐਲ. ਦੀ ਦੁਹਰਾਈ ਲਈ ਮੁੱਖ ਬਿੰਦੂ(ਪ੍ਰਸ਼ਨ-ਉੱਤਰ ਦੇ ਰੂਪ ਵਿੱਚ)

- ਦ੍ਰਿਸ਼ ਕਲਾਵਾਂ ਦੇ ਤਹਿਤ ਸ਼ਾਮਿਲ ਕੀਤੀਆਂ ਗਈਆਂ ਕੋਈ ਤਿੰਨ ਗਤੀਵਿਧੀਆਂ ਦਾ ਨਾਮ ਦੱਸੋ।
- ਪ੍ਰਦਰਸ਼ਨ ਕਲਾਵਾਂ ਦੇ ਤਹਿਤ ਕੀ-2 ਆਉਂਦਾ ਹੈ?
- ਕਲਾ ਏਕੀਕ੍ਰਿਤ ਸਿਖਲਾਈ (ਆਰਟ ਇੰਟੀਗ੍ਰੇਟਿਡ ਲਰਨਿੰਗ) ਕੀ ਹੈ?
- ਵਿਸ਼ੇ ਦੇ ਰੂਪ ਵਿੱਚ ਕਲਾ ਦੀ ਸਿੱਖਿਆ ਅਤੇ ਕਲਾ ਏਕੀਕ੍ਰਿਤ ਸਿੱਖਿਆ ਵਿੱਚ ਕੀ ਅੰਤਰ ਹੈ?
- ਕੀ ਏ.ਆਈ.ਐਲ. (A.I.L) Learning Outcome ਪ੍ਰਾਪਤ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ?

- 'ਏ.ਆਈ.ਐਲ. ਨੂੰ ਸਕੂਲੀ ਸਿੱਖਿਆ ਦੇ ਕਿਸੇ ਵੀ ਪੱਧਰ ਤੇ ਉਪਯੋਗ ਕੀਤਾ ਜਾ ਸਕਦਾ ਹੈ'। ਤੁਸੀਂ ਇਸ ਕਥਨ ਤੋਂ ਸਹਿਮਤ ਹੋ?
- ਕਿਵੇਂ A.I.L ਪ੍ਰਯੋਗੀ ਸਿਖਲਾਈ ਨੂੰ ਵਧਾਵਾ ਦਿੰਦਾ ਹੈ? ਵਿਆਖਿਆ ਕਰੋ।

ਇਸ ਸੈਸ਼ਨ ਨਾਲ ਜੁੜੀਆਂ ਬਹੁ- ਵਿਸ਼ਿਅਕ ਸੰਭਾਵਨਾਵਾਂ:-

| ਅੱਪਰ ਪ੍ਰਾਇਮਰੀ ਚਰਨ | ਪ੍ਰਾਇਮਰੀ ਚਰਨ |
|---|---|
| • ਅੰਗ੍ਰੇਜੀ, ਜਮਾਤ-8, ਅਧਿਆਇ-2 ਸੁਨਾਮੀ<br>• ਹਿੰਦੀ ਜਮਾਤ ਸੱਤਵੀਂ (ਵਸੰਤ ਭਾਗ -2) ਅਧਿਆਇ 16 'ਭੌਰ ਔਰ ਵਰਖਾ'<br>• ਹਿੰਦੀ ਜਮਾਤ ਅੱਠਵੀਂ (ਵਸੰਤ ਭਾਗ -3) ਅਧਿਆਇ 16, 'ਪਾਣੀ ਦੀ ਕਹਾਨੀ'<br>• ਹਿੰਦੀ ਜਮਾਤ ਸਤਵੀਂ (ਦੂਰਵਾ ਭਾਗ -2) ਅਧਿਆਇ 14, 'ਪਾਣੀ ਔਰ ਧੂਪ'<br>• ਵਿਗਿਆਨ ਜਮਾਤ ਛੇਵੀਂ ਅਧਿਆਇ 14 'ਜਲ'<br>• ਵਿਗਿਆਨ ਜਮਾਤ ਸੱਤਵੀਂ ਅਧਿਆਇ 16, 'ਜਲ ਇੱਕ ਬਹੁਮੁੱਲਾ ਸੰਸਾਧਨ; ਅਧਿਆਇ 18- ਅਪਸ਼ਿਸਟ ਜਲ ਦੀ ਕਹਾਣੀ'<br>• ਵਿਗਿਆਨ ਜਮਾਤ ਅੱਠਵੀਂ; ਅਧਿਆਇ 18 'ਵਾਯੂ ਤਥਾ ਜਲ ਕਾ ਪ੍ਰਦੂਸ਼ਣ' | • ਈ.ਵੀ.ਐਸ, ਜਮਾਤ ਪੰਜਵੀਂ, ਅਧਿਆਇ-6 'ਬੂੰਦ-ਬੂੰਦ', ਦਰਿਆ-ਦਰਿਆ; ਅਧਿਆਇ 7 'ਪਾਣੀ ਦੇ ਪ੍ਰਯੋਗ'<br>• ਹਿੰਦੀ ਜਮਾਤ ਪੰਜਵੀਂ (ਰਿਮਝਿਮ) ਅਧਿਆਇ-16 'ਪਾਣੀ ਰੇ ਪਾਣੀ' ਅਧਿਆਇ-17, 'ਛੋਟੀ ਸੀ ਹਮਾਰੀ ਨਦੀ' |

ਇਹ ਉਦਾਹਰਣ NCERT ਦੀ ਪਾਠ ਪੁਸਤਕ ਵਿੱਚੋਂ ਲਏ ਗਏ ਹਨ। ਰਾਜ ਦੀਆ ਪਾਠ ਪੁਸਤਕਾਂ ਵਿੱਚੋਂ ਉਦਾਹਰਣ ਲਏ ਜਾ ਸਕਦੇ ਹਨ।

**ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਵਰਗ ਦੇ ਵੱਖ-ਵੱਖ ਵਿਸ਼ਿਆਂ ਵਿਚੱ ਸਿੱਖਣ ਦੇ ਸੰਭਾਵਿਤ ਨਤੀਜੇ:-**

ਅੱਪਰ ਪ੍ਰਾਇਮਰੀ ਵਿਗਿਆਨ:

ਸਿਖਿਆਰਥੀ:-

- ਕਾਰਨਾਂ ਦੇ ਨਾਲ ਪ੍ਰਕਿਰਿਆਵਾਂ ਅਤੇ ਤੱਥਾਂ ਨੂੰ ਮਿਲਾਉਂਦਾ ਹੈ। ਉਦਾਹਰਣ ਦੇ ਲਈ ਹਵਾ ਵਿੱਚ ਪ੍ਰਦੂਸ਼ਨ ਫੈਲਾਉਣ ਵਾਲੇ ਕਾਰਕਾਂ ਦੀ ਹਾਜ਼ਰੀ ਦੇ ਨਾਲ ਨਾਲ ਧੁੰਧ ਦਾ ਛਾ ਜਾਣਾ, ਮਨੁੱਖੀ ਗਤੀਵਿਧੀਆਂ ਦੇ ਨਾਲ ਜਲ ਦੇ ਸਤਰ ਵਿੱਚ ਕਮੀ ਹੋਣਾ ਆਦਿ।
- ਰੋਜ਼ਾਨਾ ਜੀਵਨ ਵਿੱਚ ਵਿਗਿਆਨਕ ਧਾਰਨਾਵਾਂ ਨੂੰ ਵਰਤਦਾ ਹੈ। ਜਿਵੇਂ ਪਾਣੀ ਦਾ ਸ਼ੁਧੀਕਰਣ/ ਦੁਬਾਰਾ ਵਰਤੋਂ ਲਈ ਪਾਣੀ ਦਾ ਪ੍ਰਬੰਧ; ਵਾਤਾਵਰਣ ਦੀ ਸੁਰੱਖਿਆ ਲਈ ਕੋਸ਼ਿਸ਼ ਕਰਦਾ ਹੈ। ਜਿਵੇਂ ਸੰਸਾਧਨਾਂ ਦਾ ਵਿਵੇਕਪੂਰਨ ਢੰਗ ਨਾਲ ਵਰਤੋਂ ਕਰਦੇ ਹੋਏ, ਖਾਦਾਂ ਅਤੇ ਕੀਟਨਾਸ਼ਕਾਂ ਦਾ ਨਿਯੰਤਰਿਤ ਢੰਗ ਨਾਲ ਵਰਤਦੇ ਹੋਏ, ਵਾਤਾਵਰਣ ਦੇ ਖਤਰਿਆਂ ਨਾਲ ਨਿਪਟਣ ਦੇ ਤਰੀਕੇ ਸੁਝਾਉਂਦੇ ਹੋਏ।
- ਉਪਲੱਬਧ ਸੰਸਾਧਨਾਂ ਦਾ ਪ੍ਰਯੋਗ ਕਰਕੇ ਰੂਪਰੇਖਾ ਬਨਾਉਣਾ ਅਤੇ ਯੋਜਨਾ ਬਨਾਉਣ ਵਿੱਚ ਰਚਨਾਤਮਕਤਾ ਦਾ ਪ੍ਰਦਰਸ਼ਨ ਕਰਦਾ ਹੈ।

- ਡਰ ਅਤੇ ਪੱਖਪਾਤ ਤੋਂ ਮੁਕਤ ਇਮਾਨਦਾਰੀ, ਨਿਰਪੱਖਤਾ, ਸਹਿਯੋਗ ਅਤੇ ਸੁਤੰਤਰਤਾ ਦੀਆਂ ਕਦਰਾਂ ਕੀਮਤਾਂ ਨੂੰ ਪ੍ਰਦਰਸ਼ਿਤ ਕਰਦਾ ਹੈ।

**ਅੱਪਰ-ਪ੍ਰਾਇਮਰੀ ਹਿੰਦੀ:**

ਸਿਖਿਆਰਥੀ: ਸੁਣੀਆਂ ਅਤੇ ਪੜੀਆਂ ਰਚਨਾਵਾਂ(ਹਾਸ, ਸਾਹਸਿਕ, ਸਮਾਜਿਕ ਆਦਿ ਵਿਸ਼ਿਆਂ ਤੇ ਅਧਾਰਿਤ ਕਹਾਣੀ, ਕਵਿਤਾ ਆਦਿ) ਦੀ ਵਿਸ਼ਾ ਵਸਤੂ, ਘਟਨਾਵਾਂ, ਚਿੱਤਰਾਂ ਅਤੇ ਪਾਤਰਾਂ, ਸਿਰਲੇਖ ਆਦਿ ਬਾਰੇ ਵਿੱਚ ਗੱਲਬਾਤ ਕਰਦੇ ਹਨ। ਪ੍ਰਸ਼ਨ ਪੁੱਛਦੇ ਹਨ ਅਤੇ ਆਪਣੀ ਸੁਤੰਤਰ ਟਿੱਪਣੀ ਦਿੰਦੇ ਹਨ। ਆਪਣੀ ਗੱਲ ਲਈ ਤਰਕ ਦਿੰਦੇ ਹਨ, ਨਤੀਜੇ ਕੱਢਦੇ ਹਨ। ਆਪਣੇ ਆਲੇ ਦੁਆਲੇ ਵਿੱਚ ਘੱਟਣ ਵਾਲੀਆਂ ਘਟਨਾਵਾਂ ਦੀਆਂ ਬਾਰੀਕੀਆਂ ਵੱਲ ਧਿਆਨ ਦਿੰਦੇ ਹੋਏ, ਉਹਨਾਂ ਤੇ ਮੌਖਿਕ ਰੂਪ ਵਿੱਚ ਆਪਣੀ ਪ੍ਰਤੀਕਿਰਿਆ ਵਿਅਕਤ ਕਰਦੇ ਹਨ, ਪ੍ਰਸ਼ਨ ਪੁੱਛਦੇ ਹਨ, ਸਵੈ-ਇੱਛਾ ਨਾਲ ਜਾਂ ਅਧਿਆਪਕ ਦੁਆਰਾ ਤੈਅ ਗਤੀਵਿਧੀ ਦੇ ਅੰਤਰਗਤ ਲੇਖਨ ਦੀ ਪ੍ਰਕਿਰਿਆ ਦੀ ਬਿਹਤਰ ਸਮਝ ਦੇ ਨਾਲ ਆਪਣੇ ਲੇਖਣ ਨੂੰ ਜਾਂਚਦੇ ਹਨ ਅਤੇ ਲੇਖਨ ਦੇ ਉਦੇਸ਼ ਅਤੇ ਪਾਠਕ ਅਨੁਸਾਰ ਇਸ ਵਿੱਚ ਬਦਲਾਅ ਕਰਦੇ ਹਨ। ਪੱਧਰ ਦੇ ਅਨੁਸਾਰ ਦੂਜੇ ਵਿਸ਼ਿਆਂ, ਪੇਸ਼ਿਆਂ, ਕਲਾਵਾਂ ਆਦਿ(ਜਿਵੇਂ ਗਣਿਤ, ਵਿਗਿਆਨ, ਸਮਾਜਿਕ ਅਧਿਐਨ, ਨਾਚ, ਕਲਾ, ਚਿਕਿਤਸਾ ਆਦਿ) ਵਿੱਚ ਵਰਤੇ ਜਾਣ ਵਾਲੀ ਸ਼ਬਦਾਵਲੀ ਨੂੰ ਸਮਝਦੇ ਹਨ ਅਤੇ ਸੰਦਰਭ ਅਤੇ ਸਥਿਤੀ ਦੇ ਅਨੁਸਾਰ ਉਸਦਾ ਲੇਖਨ ਵਿੱਚ ਇਸਤੇਮਾਲ ਕਰਦੇ ਹਨ।

**ਕਲਾ ਸਿੱਖਿਆ ਵਿੱਚ ਪ੍ਰਾਇਮਰੀ ਸਿੱਖਿਆ:**

ਸਿਖਿਆਰਥੀ:

- ਜਮਾਤ ਵਿੱਚ ਅਤੇ ਬਾਹਰ ਹੋਣ ਵਾਲੀਆਂ ਗਤੀਵਿਧੀਆਂ ਵਿੱਚ ਭਾਗ ਲੈਂਦਾ ਹੈ ਅਤੇ ਉਸਦਾ ਆਨੰਦ ਲੈਂਦਾ ਹੈ, ਆਪਣੇ ਸਾਥੀਆਂ ਅਤੇ ਹੋਰ ਲੋਕਾਂ ਦੁਆਰਾ ਕੀਤੇ ਗਏ ਕਲਾ ਦੇ ਕਾਰਜਾਂ ਦੀ ਪ੍ਰਸ਼ੰਸਾ ਵੀ ਕਰਦਾ ਹੈ, ਕਲਾ ਸੱਮਗਰੀ ਜਾਂ ਆਈ.ਸੀ.ਟੀ. ਦੀ ਵਰਤੋਂ ਕਰ ਕੇ ਵੱਖ-ਵੱਖ ਵਿਸ਼ਿਆਂ ਦੇ ਪੋਸਟਰ ਬਣਾਉਂਦਾ ਹੈ।
- ਵਾਤਾਵਰਣ ਜਾਂ ਸਮਾਜਿਕ ਵਿਸ਼ਿਆਂ ਦੇ ਰੋਲ ਪਲੇਅ ਤਿਆਰ ਕਰਦਾ ਹੈ।
- ਕਲਾਤਮਕ ਯੋਗਤਾਵਾਂ ਦਾ ਪ੍ਰਦਰਸ਼ਨ (ਜਮਾਤ ਅਤੇ ਆਲੇ ਦੁਆਲੇ ਨੂੰ ਸੁੰਦਰ ਰੱਖਣਾ, ਜਮਾਤ ਵਿੱਚ ਲਗਾਈਆਂ ਜਾਣ ਵਾਲੀਆਂ ਚੀਜਾਂ ਨੂੰ ਲਗਾਉਣ ਵਿੱਚ ਮਦਦ ਕਰਨਾ), ਦ੍ਰਿਸ਼ ਕਲਾਵਾਂ ਵਿੱਚ ਭਾਗ ਲੈਣਾ ਅਤੇ ਰੂਚੀ ਨਾਲ ਕਲਾ ਪ੍ਰਸਤੂਤੀਆਂ ਦਾ ਪ੍ਰਦਰਸ਼ਨ ਕਰਨਾ।

**ਪ੍ਰਾਇਮਰੀ ਈ.ਵੀ.ਐਸ.**

ਸਿਖਿਆਰਥੀ

- ਦੈਨਿਕ ਜੀਵਨ ਦੀਆਂ ਮੂਲਭੂਤ ਜਰੂਰਤਾਂ( ਭੋਜਨ,ਹਵਾ, ਪਾਣੀ ਆਦਿ) ਨੂੰ ਪੂਰਾ ਕਰਨ ਦੀ ਪ੍ਰਕਿਰਿਆ ਨੂੰ ਸਮਝਣਾ ਹੈ ਜਿਵੇਂ ਜਲ ਦੇ ਸਰੋਤ ਤੋਂ ਭੰਡਾਰਣ ਦੀ ਟ੍ਰੈਨਿੰਗ। ਸੰਸਾਧਨਾਂ(ਭੋਜਨ ਅਤੇ ਪਾਣੀ) ਅਤੇ ਸੱਭਿਆਚਾਰਕ ਜੀਵਨ ਜਿਵੇਂ ਸਦੂਰ ਜਾਂ ਦੁਰਗਮ ਖੇਤਰਾਂ ਵਿੱਚ ਜੀਵਨ, ਭਾਵ ਗਰਮ/ਠੰਡੇ ਰੇਗਿਸਤਾਨ) ਦੇ ਵਿੱਚ ਸੰਬੰਧ ਸਥਾਪਿਤ ਕਰਦਾ ਹੈ।
- ਇੱਕ ਯੋਜਨਾਬੱਧ ਤਰੀਕੇ ਨਾਲ ਅਵਲੋਕਨ/ ਅਨੁਭਵ/ ਜਾਣਕਾਰੀ ਦਰਜ ਕਰਦਾ ਹੈ(ਜਿਵੇਂ ਸਾਰਣੀਆਂ, ਰੇਖਾ ਚਿੱਤਰ, ਛੜ ਗਰਾਫ਼ ਅਤੇ ਗੋਲ ਗਰਾਫ਼ ਵਿੱਚ) ਅਤੇ ਕਾਰਣਾਂ ਅਤੇ ਪ੍ਰਭਾਵਾਂ ਦੇ ਵਿੱਚ ਸੰਬੰਧ ਦੱਸਣ ਲਈ, ਗਤੀਵਿਧੀਆਂ ਦਾ ਪੂਰਵ ਅਨੁਮਾਨ ਕਰਦਾ ਹੈ।
- ਵੱਖ ਵੱਖ ਪ੍ਰਕਾਰ ਦੇ ਅਸਾਨੀ ਨਾਲ ਉਪਲੱਬਧ/ ਬੇਕਾਰ ਪਦਾਰਥਾਂ ਦੀ ਵਰਤੋਂ ਕਰ ਕੇ ਪੋਸਟਰ ਡਿਜ਼ਾਇਨ ਬਣਾਉਂਦਾ ਹੈ ਅਤੇ ਕਵਿਤਾਵਾਂ, ਨਾਰੇ ਅਤੇ ਯਾਤਰਾ ਵਿਰਤਾਂਤ ਆਦਿ ਲਿਖਦਾ ਹੈ।

- ਦੇਖੇ ਗਏ / ਅਨੁਭਵ ਕੀਤੇ ਗਏ ਮੁੱਦਿਆਂ ਤੇ ਆਪਣੀ ਰਾਏ ਦਿੰਦਾ ਹੈ ਅਤੇ ਸਮਾਜ ਦੇ ਵੱਡੇ ਮੁੱਦਿਆਂ ਦੇ ਨਾਲ ਪ੍ਰਥਾਵਾਂ/ ਘਟਨਾਵਾਂ ਨੂੰ ਜੋੜ ਕੇ ਦੇਖਦਾ ਹੈ। (ਜਿਵੇਂ ਸੰਸਾਧਨਾਂ ਦੇ ਮਲਕੀਅਤ/ ਪਹੁੰਚ ਵਿੱਚ ਭੇਦਭਾਵ।)
- ਸੰਸਾਧਨ(ਜੰਗਲ/ਪਾਣੀ ਆਦਿ) ਦੀ ਸੰਭਾਲ ਦੇ ਤਰੀਕੇ ਸੁਝਾਉਂਦਾ ਹੈ ਅਸਮਰੱਥ/ ਵੰਚਿਤਾਂ ਦੇ ਪ੍ਰਤੀ ਸੰਵੇਦਨਸ਼ੀਲਤਾ ਦਿਖਾਉਂਦਾ ਹੈ।

## ਕੁੰਜੀਗਤ ਜੀਵਨ ਕੌਸ਼ਲ

ਅਵਲੋਕਨ, ਪਹਿਲ ਕਰਨਾ, ਮਿਲ-ਜੁਲ ਕੇ ਕੰਮ ਕਰਨਾ, ਸੰਚਾਰ, ਸਮੱਸਿਆਵਾਂ ਦਾ ਹੱਲ ਲੱਭਣਾ, ਵਿਸ਼ੇਸ਼ ਤੌਰ ਤੇ ਪਾਣੀ ਅਤੇ ਆਮ ਤੌਰ ਤੇ ਵਾਤਾਵਰਣ ਸੰਬੰਧੀ ਚਿੰਤਾ।

# ਕਲਾ ਏਕੀਕ੍ਰਿਤ ਸਿਖਲਾਈ ਸੈਸ਼ਨ-2

**ਕਲਾ ਗਤੀਵਿਧੀ ਦਾ ਨਾਂ**

ਵਿਗਿਆਨ, ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੇ ਸੰਦਰਭ ਵਿੱਚ ਲੋਕ ਕਥਾਵਾਂ

**ਕਲਾ ਗਤੀਵਿਧੀ ਦਾ ਰੂਪ**

ਕਹਾਣੀ ਵਾਚਨ /ਰੰਗ ਮੰਚ/ ਕੱਠਪੁਤਲੀ/ਸ਼ਿਲਪ/ ਚਿੱਤਰ/ ਸੰਗੀਤ/ ਕਵਿਤਾ।

**ਵਿਗਿਆਨ**

* ਜਮਾਤ-ਛੇਵੀਂ, ਅਧਿਆਇ-9 'ਸਜੀਵ ਅਤੇ ਉਹਨਾਂ ਦਾ ਵਾਤਾਵਰਣ'
* ਜਮਾਤ-ਸਤਵੀਂ, ਅਧਿਆਇ-7 'ਮੌਸਮ, ਜਲਵਾਯੂ ਅਤੇ ਜਲਵਾਯੂ ਦੇ ਅਨੁਰੂਪ ਜੰਤੂਆਂ ਦੁਆਰਾ ਅਨੁਕੂਲਨ'

**ਸਮਾਜਿਕ ਵਿਗਿਆਨ**

- ਜਮਾਤ-ਛੇਵੀਂ, ਭਾਗ-1, ਅਧਿਆਇ-2 'ਸ਼ਿਕਾਰ, ਭੋਜਨ ਸੰਗ੍ਰਹਿ ਤੋਂ ਭੋਜਨ ਉਤਪਾਦਨ ਤੱਕ'
- ਜਮਾਤ-ਸਤਵੀਂ, (ਸਾਡਾ ਅਤੀਤ, ਭਾਗ-2) ਅਧਿਆਇ-7 'ਜਨਜਾਤੀਆਂ, ਖਾਨਾਬਦੋਸ਼ ਅਤੇ ਇੱਕ ਜਗ੍ਹਾ ਤੇ ਬਸੇ ਸਮੁਦਾਇ'

**ਅੰਗਰੇਜ਼ੀ**

- ਜਮਾਤ-ਛੇਵੀਂ (ਹਨੀਸਕਲ, ਅੰਗਰੇਜੀ ਦੀ ਪਾਠ ਪੁਸਤਕ), ਅਧਿਆਇ-9 'ਡੈਜ਼ਰਟ ਏਨੀਮਲਜ਼'
- ਜਮਾਤ-ਛੇਵੀਂ (ਹਨੀਸਕਲ, ਅੰਗਰੇਜੀ ਦੀ ਪਾਠ ਪੁਸਤਕ), ਅਧਿਆਇ-10 'ਦ ਬੈਨਯਨ ਟ੍ਰੀ"
- ਜਮਾਤ-ਛੇਵੀਂ (ਏ ਪੈਕਟ ਵਿਦ ਦਾ ਸਨ)ਅਧਿਆਇ-1 'ਏ ਟੇਲ ਆਫ ਟੂ ਬਰਡਜ਼'
- ਜਮਾਤ-ਛੇਵੀਂ (ਏ ਪੈਕਟ ਵਿਦ ਦਾ ਸਨ)ਅਧਿਆਇ-4 'ਫ੍ਰੈਂਡਲੀ ਮੂਨਜ਼'
- ਜਮਾਤ-ਛੇਵੀਂ (ਏ ਪੈਕਟ ਵਿਦ ਦਾ ਸਨ)ਅਧਿਆਇ-9 'ਵਟ ਹੈਪਨਡ ਟੂ ਰੇਪਟਾਈਲਜ਼'
- ਜਮਾਤ-ਅਠਵੀਂ (ਇਟ ਸੋ ਹੈਪੰਡ, ਅੰਗਰੇਜੀ ਵਿੱਚ ਸਪਲੀਮੈਂਟਰੀ ਰੀਡਰ) ਅਧਿਆਇ-1 'ਹਾਓ ਦਾ ਕੈਮਲ ਗਾੱਟ ਹਿਜ਼ ਹੰਪ'
- ਜਮਾਤ-ਅਠਵੀਂ (ਹਨੀ ਡਿਊ, ਅੰਗਰੇਜੀ ਵਿੱਚ ਪਾਠ ਪੁਸਤਕ)ਅਧਿਆਇ-6 'ਦਿਸ ਇਜ਼ ਜੋਡੀਜ਼ ਫਾੱਨ'

## ਅੰਗਰੇਜੀ (ਹਨੀ ਡਿਊ, ਜਮਾਤ :ਅੱਠਵੀਂ) ਅਧਿਆਇ-1
**'ਦ ਆਂਟ ਐਂਡ ਦਾ ਕ੍ਰਿਕੇਟ'**

**ਸੁਝਾਏ ਗਏ ਮੁਲਾਂਕਣ ਦੇ ਤਰੀਕੇ**

ਅਵਲੋਕਨ ਸਾਰਣੀ, ਸਵੈ-ਮੁਲਾਂਕਣ, ਸਹਿਕਰਮੀ ਦੁਆਰਾ ਮੁਲਾਂਕਣ, ਮੁੱਖ ਨਿਰਦੇਸ਼, ਪੋਰਟਫੋਲਿਓ

**ਟ੍ਰੇਨਿੰਗ ਦੇ ਉਦੇਸ਼:**

ਇਹ ਮਾਡਿਊਲ ਲੋਕ ਕਥਾਵਾਂ ਦੇ ਮਾਧਿਅਮ ਨਾਲ ਵਿਗਿਆਨ, ਸਮਾਜਿਕ ਵਿਗਿਆਨ ਅਤੇ ਭਾਸ਼ਾ ਸਮੱਗਰੀ ਨੂੰ ਏਕੀਕ੍ਰਿਤ ਕਰਨ ਦੇ ਤਰੀਕਿਆਂ ਨੂੰ ਜਾਨਣ ਵਿੱਚ ਮਦਦ ਕਰੇਗਾ।

**ਸਿੱਖਣ ਨਤੀਜੇ:** ਸੁਝਾਏ ਗਏ ਤਰੀਕਿਆਂ ਦਾ ਪਾਲਨ ਕਰਨ ਤੋਂ ਬਾਅਦ, ਐਸ.ਆਰ.ਜੀ ਅਧਿਆਪਕ ਨਿਮਨਲਿਖਿਤ ਕੌਸ਼ਲਤਾਵਾਂ ਵਿੱਚ ਨਿਪੁਣ ਹੋ ਜਾਣਗੇ:-

**ਅੰਗ੍ਰੇਜੀ ਭਾਸ਼ਾ ਵਿੱਚ:**

ਸਿਖਿਆਰਥੀ:

- ਵਿਰਾਮ ਚਿੰਨ੍ਹਾਂ ਦਾ ਪ੍ਰਯੋਗ, ਵਰਣਨ ਅਤੇ ਵਿਆਖਿਆ ਕਰਨ ਅਤੇ ਸੰਵਾਦ ਬੋਲਣ ਦੇ ਤਰੀਕਿਆਂ ਦੇ ਉਪਯੋਗ ਦੇ ਬਾਰੇ ਵਿੱਚ ਸਮਝਦਾ ਹੈ। ਕਹਾਣੀ ਦੇ ਪਾਠ ਤੋਂ ਸੰਵਾਦ ਲਿਖਦਾ ਹੈ। ਆਪਣੇ ਸਾਥੀਆਂ ਅਤੇ ਹੋਰ ਲੋਕਾਂ ਦੇ ਵੱਖ ਵੱਖ ਅਨੁਭਵਾਂ ਨੂੰ ਸੁਣਨ ਵਿੱਚ ਰੁਚੀ ਦਿਖਾਉਂਦਾ ਹੈ।
- ਵੱਖ-ਵੱਖ ਪ੍ਰਕਾਰ ਦੇ ਨਿਰਦੇਸ਼ਾਂ ਦਾ ਪਾਲਨ ਕਰਦਾ ਹੈ, ਸੁਣਦਾ ਹੈ ਅਤੇ ਵੱਖ-ਵੱਖ ਧੁਨੀ ਨਕਲਯੋਗ ਅਵਾਜਾਂ ਨੂੰ ਪਰਸਪਰ ਸੰਬੰਧਤ ਕਰਦਾ ਹੈ, ਰਚਨਾਤਮਕ ਕਾਰਜਾਂ ਵਿੱਚ ਇਹਨਾਂ ਦਾ ਉਪਯੋਗ ਕਰਦਾ ਹੈ ਅਤੇ ਆਪਣੇ ਆਲੇ ਦੁਆਲੇ ਦੇ ਬਾਰੇ ਗੱਲ ਬਾਤ ਕਰਦਾ ਹੈ। ਸਰਲ ਵਾਕਾਂ ਅਤੇ ਪ੍ਰਤੀਕਿਰਿਆਵਾਂ ਦੀ ਵਰਤੋਂ ਕਰਦੇ ਹੋਏ ਦੋਸਤਾਂ, ਅਧਿਆਪਕਾਂ, ਪਰਿਵਾਰ ਅਤੇ ਹੋਰ ਲੋਕਾਂ ਨਾਲ ਗੱਲਬਾਤ ਕਰਦਾ ਹੈ।
- ਵੱਖ-2 ਪ੍ਰੋਗਰਾਮਾਂ ਵਿੱਚ ਭਾਗ ਲੈਂਦਾ ਹੈ ਜਿਵੇਂ ਕਿ ਰੋਲ ਪਲੇ, ਕਵਿਤਾ ਪਾਠ ਵਿਅੰਗ ਨਾਟਕ ਆਦਿ।
- ਆਪਣੇ ਆਸ-ਪਾਸ ਦੀਆਂ ਚੀਜਾਂ ਬਾਰੇ ਪ੍ਰਸ਼ਨ ਪੁੱਛਦਾ ਹੈ, ਕਹਾਣੀਆਂ ਸੁਣਾਉਂਦਾ ਹੈ; ਸਮਝ ਕੇ ਪਾਠ ਪੜ੍ਹਦਾ ਹੈ, ਵੱਖ-ਵੱਖ ਤਰ੍ਹਾਂ ਦੇ ਪਾਠ ਪੜ੍ਹਦਾ ਹੈ, ਅਤੇ ਵੱਖ-ਵੱਖ ਸਰੋਤਾਂ ਤੋਂ ਪੁਸਤਕਾਂ ਇੱਕਠੀਆਂ ਕਰਕੇ ਪੜ੍ਹਦਾ ਹੈ।

**ਵਿਗਿਆਨ ਵਿੱਚ:**

ਸਿਖਿਆਰਥੀ:

- ਤਾਰਕਿਕ ਸਪਸ਼ਟੀਕਰਨ ਅਤੇ ਤਰਕ ਪੇਸ਼ ਕਰਦਾ ਹੈ, ਨਤੀਜੇ ਦੇ ਬਾਰੇ ਦੱਸਦਾ ਹੈ।
- ਸਬੂਤਾਂ ਦੇ ਸਮਰਥਨ ਵਿੱਚ ਸਪਸ਼ਟੀਕਰਨ ਦਿੰਦਾ ਹੈ।
- ਵਿਗਿਆਨਕ ਸੰਕਲਪਾਂ ਨੂੰ ਦੈਨਿਕ ਜੀਵਨ ਨਾਲ ਜੋੜਦਾ ਹੈ।
- ਰੂਚੀ ਦਾ ਭਾਵ ਪ੍ਰਦਰਸ਼ਿਤ ਕਰਦਾ ਹੈ ਅਤੇ ਉਤਸ਼ਾਹ ਨਾਲ ਭਾਗ ਲੈਂਦਾ ਹੈ।
- ਵਿਚਾਰ ਕਰਨ ਤੋਂ ਬਾਦ ਪ੍ਰਤਿਕਿਰਿਆ ਕਰਦਾ ਹੈ, ਨਿਯੋਜਨ ਵਿੱਚ ਰਚਨਾਤਮਕਤਾ ਪ੍ਰਦਰਸ਼ਿਤ ਕਰਦਾ ਹੈ, ਸਮੱਸਿਆ ਸੁਲਝਾਉਣ ਦੀ ਯੋਗਤਾ ਦਿਖਾਉਂਦਾ ਹੈ।ਸਹਿਜ ਕਦਰਾਂ-ਕੀਮਤਾਂ ਨੂੰ ਵਿਅਕਤ ਕਰਦਾ ਹੈ।
- ਕੰਮ ਕਰਦੇ ਸਮੇਂ ਜਿੰਮੇਵਾਰੀ ਚੁੱਕਦਾ ਹੈ ਅਤੇ ਪਹਿਲ ਕਰਦਾ ਹੈ।
- ਸਹਿਕਰਮੀਆਂ ਨਾਲ ਸਹਿਯੋਗ ਨਾਲ ਕੰਮ ਕਰਦਾ ਹੈ ਅਤੇ ਦੂਜਿਆ ਦੀਆ ਦਲੀਲਾਂ ਨੂੰ ਧੀਰਜ ਨਾਲ ਸੁਣਦਾ ਹੈ।
- ਵਾਤਾਵਰਣ ਦੀ ਸੁਰੱਖਿਆ ਕਿਵੇਂ ਕੀਤੀ ਜਾਵੇ, ਇਸ ਬਾਰੇ ਸਲਾਹ ਦਿੰਦਾ ਹੈ। ਵਾਤਾਵਰਣ ਸੁਰੱਖਿਆ ਪ੍ਰਤੀ ਸੰਵੇਦਨਸ਼ੀਲਤਾ ਰੱਖਦਾ ਹੈ।
- ਉਹ ਜਿਸ ਵਾਤਾਵਰਣ ਵਿੱਚ ਰਹਿੰਦਾ ਹੈ, ਉਸ ਦੀ ਭਿੰਨਤਾ ਦੇ ਵੱਖ ਵੱਖ ਰੂਪਾਂ ਦੀ ਪ੍ਰਸ਼ੰਸਾ ਕਰਦਾ ਹੈ, ਆਪਸੀ ਨਿਰਭਰਤਾ ਦੇ ਪ੍ਰਤਿ ਸੰਵੇਦਨਸ਼ੀਲਤਾ ਰੱਖਦਾ ਹੈ।

**ਸਮਾਜਿਕ ਵਿਗਿਆਨ ਵਿੱਚ**

ਸਿਖਿਆਰਥੀ-

- ਵਿਸੇਸ ਲੋੜਾਂ ਵਾਲੇ ਵਿਅਕਤੀਆਂ ਦੇ ਸਮੂਹ ਦੇ ਪ੍ਰਤਿ ਸਮਾਜ ਦੀ ਰੁੜੀਵਾਦੀ ਸੋਚ ਨੂੰ ਸਮਝ ਸਕਦਾ ਹੈ।
- ਕਿਸੇ ਵੀ ਤਰ੍ਹਾਂ ਦੇ ਭੇਦ-ਭਾਵ ਤੇ ਆਵਾਜ਼ ਉਠਾਓਦਾਂ ਹੈ।
- ਭਿੰਨਤਾ ਕਾਰਨ ਪੈਦਾ ਹੋਏ ਵੱਖ-ਵੱਖ ਮੁੱਦਿਆਂ ਦੇ ਅਲਗ-ਅਲਗ ਵਿਚਾਰ ਵਿਅਕਤ ਕਰਦਾ ਹੈ।
- ਆਸ ਪਾਸ ਦੇ ਵਾਤਾਵਰਣ ਦੇ ਬਾਰੇ ਜਾਣਨ ਵਿੱਚ ਰੁਚੀ ਰੱਖਦਾ ਹੈ।
- ਸਮੂਹ ਟੀਮ ਦੇ ਕੰਮ ਦੀ ਪ੍ਰਸ਼ੰਸਾ ਕਰਦਾ ਹੈ।

**ਕਲਾ ਸਿੱਖਿਆ ਵਿੱਚ:**

ਸਿਖਿਆਰਥੀ:

- ਜਮਾਤ ਵਿੱਚ ਅਤੇ ਬਾਹਰ ਹੋਣ ਵਾਲੀਆਂ ਗਤਿਵਿਧੀਆਂ ਵਿੱਚ ਭਾਗ ਲੈਂਦਾ ਹੈ ਅਤੇ ਇਹਨਾਂ ਦਾ ਅਨੰਦ ਲੈਂਦਾ ਹੈ ਆਪਣੇ ਸਾਥੀਆਂ ਅਤੇ ਹੋਰ ਲੋਕਾ ਦੇ ਵੱਖ ਵੱਖ ਅਨੁਭਵਾਂ ਨੂੰ ਸੁਣਨ ਵਿੱਚ ਰੁਚੀ ਦਿਖਾਉਂਦਾ ਹੈ।
- ਵੱਖ–ਵੱਖ ਪ੍ਰਕਾਰ ਦੇ ਨਿਰਦੇਸ਼ਾਂ ਦਾ ਪਾਲਨ ਕਰਦਾ ਹੈ, ਸੁਣਦਾ ਹੈ ਅਤੇ ਵੱਖ–ਵੱਖ ਧੁਨੀ ਨਕਲਯੋਗ ਅਵਾਜਾਂ ਨੂੰ ਪਰਸਪਰ ਸੰਬੰਧਤ ਕਰਦਾ ਹੈ, ਰਚਨਾਤਮਕ ਕਾਰਜਾਂ ਵਿੱਚ ਇਹਨਾਂ ਦਾ ਉਪਯੋਗ ਕਰਦਾ ਹੈ ਅਤੇ ਆਪਣੇ ਆਲੇ ਦੁਆਲੇ ਦੇ ਬਾਰੇ ਗੱਲ ਬਾਤ ਕਰਦਾ ਹੈ। ਸਰਲ ਵਾਕਾਂ ਅਤੇ ਪ੍ਰਤੀਕਿਰਿਆਵਾਂ ਦੀ ਵਰਤੋਂ ਕਰਦੇ ਹੋਏ ਦੋਸਤਾਂ, ਅਧਿਆਪਕਾਂ, ਪਰਿਵਾਰ ਅਤੇ ਹੋਰ ਲੋਕਾਂ ਨਾਲ ਗੱਲਬਾਤ ਕਰਦਾ ਹੈ।
- ਵੱਖ–2 ਪ੍ਰੋਗਰਾਮਾਂ ਵਿੱਚ ਭਾਗ ਲੈਂਦਾ ਹੈ ਜਿਵੇਂ ਕਿ ਰੋਲ ਪਲੇ, ਕਵਿਤਾ ਪਾਠ ਵਿਅੰਗ ਨਾਟਕ ਆਦਿ।
- ਆਪਣੇ ਆਸ–ਪਾਸ ਦੀਆਂ ਚੀਜਾਂ ਬਾਰੇ ਪ੍ਰਸ਼ਨ ਪੁੱਛਦਾ ਹੈ, ਕਹਾਣੀਆਂ ਸੁਣਾਉਂਦਾ ਹੈ; ਸਮਝ ਕੇ ਪਾਠ ਪੜ੍ਹਦਾ ਹੈ, ਵੱਖ–ਵੱਖ ਤਰ੍ਹਾਂ ਦੇ ਪਾਠ ਪੜ੍ਹਦਾ ਹੈ, ਅਤੇ ਵੱਖ–ਵੱਖ ਸਰੋਤਾਂ ਤੋਂ ਪੁਸਤਕਾਂ ਇੱਕਠੀਆਂ ਕਰਕੇ ਪੜ੍ਹਦਾ ਹੈ।

## ਸੰਖੇਪ ਜਾਣ ਪਹਿਚਾਣ:

***ਗਤੀਵਿਧੀ ਦੇ ਪਿੱਛੇ ਛੁਪਿਆ ਵਿਗਿਆਨ:***

ਇਹ ਸਭ ਜਾਣਦੇ ਹਨ ਕਿ ਲੋਕਗੀਤਾਂ ਦਾ ਮੂਲਰੂਪ ਨਾਲ ਉਹ, ਜਿਸ ਖੇਤਰ ਨਾਲ ਸਬੰਧ ਰੱਖਦੇ ਹਨ, ਇੱਕ ਸਮਾਜਿਕ, ਇਤਿਹਾਸਿਕ ਅਤੇ ਸਭਿਆਚਾਰਕ ਸੰਦਰਭ ਹੁੰਦਾ ਹੈ।ਲੋਕਕਥਾਵਾਂ ਨੂੰ ਕਲਪਨਾ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਛੋਟੇ ਬੱਚੇ ਇੱਕ ਅਜਿਹੀ ਦੁਨੀਆ ਵਿੱਚ ਰਹਿੰਦੇ ਹਨ ਜਿਸ ਵਿੱਚ ਕਲਪਨਾ ਅਤੇ ਵਾਸਤਵਿਕਤਾ ਵਿੱਚ ਫਰਕ ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਇੱਕ ਅਜਿਹੀ ਦੁਨੀਆ ਜਿਸ ਵਿੱਚ ਜਾਨਵਰ ਗੱਲਾਂ ਕਰਦੇ ਹਨ ਅਤੇ ਇਨਸਾਨ ਝਾੜੂ ਤੇ ਉੱਡਦੇ ਹੋਏ ਸਾਹਮਣੇ ਦੀ ਨਿੱਕਲ ਜਾਂਦੇ ਹਨ। ਇਹ ਸੰਭਵ ਹੈ ਕਿ ਇਹਨਾਂ ਵਿੱਚੋ ਕੁੱਝ ਲੋਕਕਥਾਵਾਂ ਦਾ ਵਿਗਿਆਨਕ ਅਧਾਰ ਵੀ ਹੋਵੇ ਅਜੇ ਵੀ ਲੋਕਕਥਾਵਾਂ ਅਤੇ ਪਰਿਕਥਾਵਾਂ ਦੇ ਆਕਰਸ਼ਣ ਅਤੇ ਉਤਸੁਕਤਾ ਨੂੰ ਬਣਾ ਕੇ ਰੱਖਦੇ ਹੋਏ ਅਸੀਂ ਇਸ ਗਤੀਵਿਧੀ ਰਾਹੀਂ ਬੱਚਿਆ ਨੂੰ ਵਾਸਤਵਿਕ ਦੁਨੀਆਂ ਤੋ ਕਾਲਪਨਿਕ ਦੁਨੀਆਂ ਦਾ ਫਰਕ ਅਤੇ ਉਸਦੀ ਖੂਬਸੂਰਤੀ ਦੀ ਪ੍ਰਸ਼ੰਸਾ ਕਰਨ ਵਿੱਚ ਮਦਦ ਕਰ ਸਕਦੇ ਹਨ। ਉਹ ਲੋਕਕਥਾਵਾਂ ਨੂੰ ਦਰਸਾਉਦੇ ਚਿੱਤਰਾਂ ਦੇ ਮਾਧਿਅਮ ਨਾਲ ਸੇਵਾਦਾਰ ਰੂਪ ਵਿਚ ਕਹਾਣੀ ਬਚਨ ਦੇ ਸੈਸ਼ਨ ਵਿੱਚ ਭਾਗ ਲੈਂਦੇ ਹੋਏ ਵਿਗਿਆਨਕ ਸ਼ਬਦਾਵਲੀ ਅਤੇ ਸਕੰਲਪ ਨੂੰ ਸਿੱਖ ਸਕਦੇ ਹਨ।ਇਸ ਲੋਕਕਥਾ ਨੂੰ ਪੰਚਤਤੰਰ ਦੀਆਂ ਕਹਾਣੀਆਂ ਵਿੱਚੋਂ ਲਿਆ ਗਿਆ ਹੈ। ਕੁਝ ਵਿਗਿਆਨਕ ਤੱਥਾਂ ਨੂੰ ਸ਼ਾਮਲ ਕਰਨ ਲਈ ਇਸ ਨੂੰ ਥੋੜਾ ਜਿਹਾ ਬਦਲਿਆ ਗਿਆ ਹੈ।

ਮਾਡਿਊਲ, ਸਜੀਵ ਜੀਵਾਂ ਅਤੇ ਉਹਨਾਂ ਦੇ ਵਾਤਾਵਰਣ, ਨਿਵਾਸ ਸਥਾਨ ਵਿੱਚ ਭਿੰਨਤਾ, ਜਲਵਾਯੂ ਅਤੇ ਜਾਨਵਰਾਂ ਦੇ ਜਾਲਵਾਯੂ ਨਾਲ ਅਨੁਕੂਲਨ ਦੇ ਬਾਰੇ ਵਿੱਚ ਕਲਾ ਏਕੀਕ੍ਰਿਤ ਸਿੱਖਣ ਦੇ ਅਵਸਰ ਪ੍ਰਦਾਨ ਕਰਦਾ ਹੈ।

**ਸੈਸ਼ਨ ਲਈ ਲੋੜੀਦਾ ਕੁੱਲ ਸਮਾਂ:** 2 ਘੰਟੇ

**ਲੋੜੀਦੀ ਸਮੱਗਰੀ:-**

ਚਾਰਟ ਪੇਪਰ, ਸਕੈਚ ਪੈਨ, ਕ੍ਰਿਆਨ, ਪੇਂਟ ਬਰਸ਼, ਜਾਲੀ ਕੱਟਣ ਵਾਲਾ ਔਜ਼ਾਰ ਕੈਂਚੀ ਅਤੇ ਲੋੜ ਅਨੁਸਾਰ ਹੋਰ ਸਮੱਗਰੀ (AILਗਤੀਵਿਧੀਆਂ ਦੀ ਯੋਜਨਾ ਬਨਾਉਣ ਲੱਗੇ ਆਪਣੇ ਆਲ਼ੇ-ਦੁਆਲ਼ੇ ਤੋਂ ਅਸਾਨੀ ਨਾਲ ਮਿਲਣ ਵਾਲੀ ਸਮੱਗਰੀ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।)

**ਪੈਡਾਗੋਜੀਕਲ ਨੀਤੀਆਂ:–**

ਮਦਦਗਾਰ ਲਈ ਨੋਟ:

ਸਿੱਖਿਆਰਥੀ ਸਮੂਹ ਗਤੀਵਿਧੀਆਂ ਵਿੱਚ ਲੱਗੇ ਰਹਿਣਗੇ। ਇਸ ਗੱਲ ਦਾ ਧਿਆਨ ਰੱਖਦਾ ਹੈ ਕਿ ਸਮੂਹਾਂ ਵਿੱਚ ਜਾਤੀ, ਲਿੰਗ, ਪੰਥ, ਸਮਰਥਾਵਾਂ ਆਦਿ ਦੇ ਸੰਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਭੇਦ-ਭਾਵ ਨਾ ਕੀਤਾ ਜਾਵੇ। ਵਿਸ਼ੇਸ਼ ਲੋੜਾਂ ਵਾਲੇ ਜਾਂ ਸ਼ਰੀਰਿਕ ਜਾ ਮਾਨਸਿਕ ਰੂਪ ਤੋ ਬੀਮਾਰ ਬੱਚਿਆਂ ਨੂੰ ਸਮੂਹਾਂ ਵਿੱਚ ਉਹਨਾਂ ਦੀਆਂ ਸਮਰਥਾਂਵਾ ਅਨੁਸਾਰ ਸਾਮਿਲ ਕੀਤਾ ਜਾਣਾ ਚਾਹੀਦਾ ਹੈ?

- ਮਦਦਗਾਰ ਦ੍ਰਿਸਾਂ ਦੀ ਪੇਸ਼ਕਾਰੀ ਤੋ ਬਾਅਦ ਜਾਂ ਹਰੇਕ ਦ੍ਰਿਸ਼ ਦੇ ਬਾਅਦ ਚਰਚਾ ਸ਼ੁਰੂ ਕਰ ਸਕਦਾ ਹੈ।
- ਚਰਚਾ ਦੇ ਦੌਰਾਨ ਵੱਖ–ਵੱਖ ਵਿਸ਼ਿਆਂ ਦੀ ਸੱਮਗਰੀ ਨੂੰ ਏਕੀਕ੍ਰਿਤ ਕਰਨ ਵਾਲੇ ਸੇਤੂਆਂ (Bridges) ਨੂੰ ਦਰਸਾਇਆ ਜਾਵੇ।
- ਮੁਲਾਂਕਣ ਨਾਲ-ਨਾਲ ਕੀਤਾ ਜਾਵੇਗਾ।
- ਮਦਦਗਾਰ ਜਮਾਤ ਨੂੰ ਪੰਜ-ਪੰਜ ਵਿਦਿਆਰਥੀਆਂ ਦੇ ਅੱਠ ਸਮੂਹਾਂ ਵਿੱਚ ਵੰਡੇਗਾ। ਜਮਾਤ ਵਿੱਚ ਜਿੰਨੇ ਵਿਦਿਆਰਥੀ ਹਨ, ਉਹਨਾਂ ਦੇ ਅਨੁਸਾਰ ਸਮੂਹਾਂ ਵਿੱਚ ਬੱਚਿਆਂ ਦੀ ਗਿਣਤੀ ਭਿੰਨ ਹੋ ਸਕਦੀ ਹੈ।ਹਰੇਕ ਸਮੂਹ ਨੂੰ ਇੱਕ ਦ੍ਰਿਸ਼ ਦੀਆਂ ਸਾਰੀਆਂ ਗਤੀਵਿਧੀਆਂ ਜਿਵੇਂ ਚਿੱਤਰ, ਪੋਸਟਰ, ਕਠਪੁਤਲੀਆਂ, ਰੰਗਮੰਚ ਦਾ ਸਮਾਨ ਬਣਾਉਣ ਅਤੇ ਦ੍ਰਿਸ਼ ਨੂੰ ਮੰਚ ਤੇ ਕਰਨ, ਸ਼ਬਦ ਲਿਖਣ ਆਦਿ ਨੂੰ ਸੰਭਾਲਣ ਦਈਏ।

**ਸਮੂਹ ਬਣਾਉਨ ਲਈ ਆਪਸੀ ਸੰਵਾਦ (20 ਮਿੰਟ)**

ਸੈਸ਼ਨ, ਜਾਣ ਪਹਿਚਾਣ ਦੇ ਦੌਰ ਨਾਲ ਕੁਝ ਦਿਲਚਸਪ ਅਭਿਵਿਅਕਤੀਆਂ ਨਾਲ ਸ਼ੁਰੂ ਹੋਵੇਗਾ। ਜਿਵੇਂ ਉਹਨਾਂ ਦੀ ਪਸੰਦ ਦੇ ਕਿਸੇ ਜਾਨਵਰ ਦੀ ਨਕਲ ਜਾਂ ਅਵਾਜ਼ ਕਢੱਣਾ ਜਾਂ ਉਸਦਾ ਚਿੱਤਰ ਬਨਾਉਣਾ। ਹਰ ਕੋਈ ਸਮਝਾਏਗਾ ਕਿ ਉਹ ਇਸ ਜਾਨਵਰ ਨੂੰ ਕਿਉਂ ਪੰਸਦ ਕਰਦਾ ਹੈ? ਉਹਨਾਂ ਨੂੰ ਇਸ ਗੱਲ ਦੀ ਆਜ਼ਾਦੀ ਹੋਵੇਗੀ ਕਿ ਉਹ ਇਸ ਨੂੰ ਕਿਸੇ ਵੀ ਭਾਸ਼ਾ ਵਿੱਚ ਵਿਅਕਤ ਕਰਨ, ਅਭਿਵਿਅਕਤੀ ਦਾ ਢੰਗ ਕਿਹੋ ਜਿਹਾ ਹੋਵੇ,ਜਿਵੇਂ ਚਿਹਰੇ ਦੇ ਹਾਵ–ਭਾਵ, ਸੰਕੇਤਿਕ ਭਾਸ਼ਾ, ਕੁਝ ਲਾਈਨਾਂ ਦਾ ਵਰਣਨ, ਅਦਾਕਾਰੀ ਦੇ ਮਾਧਿਅਮ ਨਾਲ, ਚਿੱਤਰਾਂ ਦੁਆਰਾ ਜਾਂ ਨਾਚ ਰਾਹੀ। ਇਸ ਤਰ੍ਹਾਂ ਹਰ ਕਿਸੇ ਨੂੰ ਰਚਨਾਤਮਕ ਰੂਪ ਨਾਲ ਸੋਚਣ ਦਾ ਅਤੇ ਚੀਜ਼ਾਂ ਨੂੰ ਪ੍ਰਸਤੁਤ ਕਰਨ ਲਈ ਨਵੇਂ ਢੰਗ ਦੀ ਕਲਪਣਾ ਕਰਨ ਦਾ ਮੌਕਾ ਮਿਲੇਗਾ ਅਤੇ ਨਾਲ ਹੀ ਉਹ ਬਾਕੀਆਂ ਨੂੰ ਸ਼ਾਂਤੀਪੂਰਕ ਅਤੇ ਸੰਜੀਦਾ ਰੂਪ ਵਿੱਚ ਸੁਣਨਗੇ।

ਗਰੂਪਾਂ ਨੂੰ ਦਿਸ ਸੌਪੇਂ ਜਾ ਸਕਦੇ ਇਲ

- ਸੌਪੇਂ ਗਏ ਦ੍ਰਿਸ਼ਾ ਦੇ ਲਈ ਪਾਤਰਾਂ ਅਤੇ ਘਟਨਾਂਵਾ ਦੇ ਅਨੁਸਾਰ ਕਿਸੀ ਵੀ ਕਲਾ ਦੇ ਰੂਪ ਦਾ ਉਪਯੋਗ ਕਰਕੇ ਨਿਰਧਾਰਿਤ ਦ੍ਰਿਸ਼ਾਂ ਦੇ ਲਈ ਸਿਰ ਤੇ ਪਾਉਣ ਵਾਲੀਆਂ ਚੀਜ਼ਾਂ, ਰੰਗਮੰਚ ਦਾ ਸਮਾਨ, ਕਹਾਣੀਆਂ ਵਾਲੀਆਂ ਕਠਪੁਤਲੀਆਂ, ਚਿੱਤਰ ਮੁਖੌਟੇ, ਕਟਪੁਤਲੀਆਂ ਨੂੰ ਤਿਆਰ ਕਰਨ (ਇਸ ਉਪਲਬਧੀ ਦੇ ਆਧਾਰ ਤੇ ਕਲਾ ਅਤੇ ਸ਼ਿਲਪ ਸਿੱਖਿਆ ਦੇ ਮਾਗਰ ਦਰਸ਼ਕ ਲਈ ਕੀਤਾ ਜਾ ਸਕਦਾ ਹੈ)।
- ਉਪਲਬੱਧ ਸਰੋਤਾਂ ਦੀ ਵਰਤੋ ਕਰਦੇ ਹੋਏ ਇਸ ਪ੍ਰਕਿਰਿਆ ਨੂੰ ਭਿੰਨ-ਭਿੰਨ ਕੇਸਾਂ ਦਾ ਢੰਗ, ਭੇਸ਼ਭੂਸ਼ਾ ਅਤੇ ਮੇਕਅਪ ਦਾ ਚੁਣਾਵ ਕਰੋ।
- ਉਹਨਾਂ ਨਾਲ ਦਿੱਤੇ ਹੋਏ ਦ੍ਰਿਸ਼ਾਂ ਦੀ ਪ੍ਰਸਤੂਤੀ ਬਾਰੇ ਚਰਚਾ ਕਰੋ, ਯੋਜਨਾ ਬਣਾਓ ਅਤੇ ਉਸਦੀ ਤੈਆਰੀ ਕਰੋ ਅਤੇ ਦ੍ਰਿਸ਼ਾਂ ਨੂੰ ਕਟਪੁਤਲੀਆਂ ਦੀ ਮਦਦ ਨਾਲ ਪ੍ਰਸਤੂਤ ਕਰਨ ਅਤੇ ਖੇਤਰੀ ਲੋਕ ਕਥਾਂਵਾਂ ਦਾ ਉਪਯੋਗ ਕਰਦੇ ਹੋਏ ਵਾਚਨ, ਮਨੋ ਐਕਟਿੰਗ ਆਦਿ ਕਰਨਗੇ।
- ਮਦਦਗਾਰ ਭਿੰਨ–ਭਿੰਨ ਵਿਸ਼ਿਆਂ ਜਿਵੇਂ ਜੀਵਤ ਜੀਵਾਂ ਅਤੇ ਉਹਨਾਂ ਦੇ ਪਰਿਵੇਸ਼ ਮੌਸਮ, ਜਲਵਾਯੂ ਅਤੇ ਜਾਨਵਰਾਂ ਵਲੋ ਉਸ ਜਲਵਾਯੂ ਵਿੱਚ ਰਹਿਣ ਦੀ ਆਦਤ ਪਾਉਣ, ਆਦਿਵਾਸੀ, ਖਾਣਾਬਦੋਸ਼ ਅਤੇ ਸਥਾਈ ਵਸੋਂ ਵਾਲੇ ਗੁੱਟਾਂ ਆਦਿ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਮਾਧਿਅਮ ਨਾਲ ਇਹਨਾਂ ਦ੍ਰਿਸ਼ਾਂ ਉਤੇ ਚਰਚਾ ਕਰੇਗਾ। ਵਿਸ਼ਾਵਸਤੂ ਦੀ ਗਹਿਰਾਈ ਬੋਧਵਾਧੀ ਸਤਰ ਦੇ ਅਨੁਸਾਰ ਤੈਅ ਕੀਤੀ ਜਾਵੇਗੀ।

**ਦ੍ਰਿਸ਼–1 ਸਮੂਹ-1**

ਬਹੁਤ ਸਮਾਂ ਪਹਿਲਾਂ ਇੱਕ ਵੱਡੀ ਝੀਲ ਵਿੱਚ ਕਈ ਜਲ ਵਿੱਚ ਵਿਚਰਨ ਵਾਲੇ ਪੌਦੇ ਅਤੇ ਜਾਣਵਰ ਪਣਪੇ। ਝੀਲ ਦਾ ਪਾਣੀ ਬਹੁਤ ਸਾਫ਼ ਅਤੇ ਨੀਲਾ ਸੀ। ਉਸ ਵਿੱਚ ਕਮਲ ਅਤੇ ਜਲ ਕੁਮੁਦਿਨੀ ਅਤੇ ਲੰਬੇ ਤਣੇ ਵਾਲੇ ਪੌਦੇ ਸੀ। ਜਲਮਗਨ ਹਾਈਡਿਰਲਾ ਅਤੇ ਵਾਲਿਸਨੇਰੀਆ (ਟੇਪ ਗਰਾਮ) ਉਸ ਵਿੱਚ ਖੂਬਸੂਰਤੀ ਨਾਲ ਲਹਿਰਾਉਂਦੇ ਸੀ। ਤਹਿ ਉਤੇ ਹੌਲ਼ੀ–ਹੌਲ਼ੀ ਕਸਪਤ ਅਤੇ ਪਾਣੀ ਜਲਕੁੰਭੀ ਤੈਰਦੀ ਸੀ। ਸਾਕਰੇਸੋਕਪਿਕ ਕਾਈ (Algae) ਦੀ ਵਜ੍ਹਾ ਨਾਲ ਥਾਂ–ਥਾਂ ਤੇ ਪਾਣੀ ਦੇ ਹਰੇ ਧੱਬੇ ਉਭਰ ਆਏ ਸੀ। ਉੱਥੇ ਭਿੰਨ–ਭਿੰਨ ਪ੍ਰਜਾਤੀਆਂ ਦੀਆਂ ਛੋਟੀਆਂ–ਛੋਟੀਆਂ ਮਛੱਲੀਆਂ ਸੀ, ਜੋ ਅਚਾਨਕ ਝੁੰਡ ਬਣਾਕੇ ਕੀੜੇ ਦੇ ਇੱਕ ਟੁਕੜੇ ਉੱਤੇ ਲੜਨ ਲਗਦੀਆਂ ਸੀ। ਝੀਲ ਵਿੱਚ ਵੱਡੀਆਂ ਮੱਛਲੀਆਂ ਨੇ ਕੀੜਿਆਂ ਦੀ ਅਬਾਦੀ ਨੂੰ ਨਿਅੰਤਰਨ ਵਿੱਚ ਰੱਖਿਆ ਹੋਇਆ ਸੀ। ਕੱਛੂ ਭੋਜਨ ਦੀ ਤਲਾਸ਼ ਵਿੱਚ ਇੱਧਰ–ਉੱਧਰ ਘੁੰਮਦੇ ਅਤੇ ਬਗੁਲੇ ਆਪਣੇ ਸ਼ਿਕਾਰ ਨੂੰ ਪਕੜਣ ਲਈ ਘੰਟੇ–ਘੰਟੇ ਪਾਣੀ ਵਿੱਚ ਖੜੇ ਰਹਿੰਦੇ। ਕਿੰਗਫਿਸ਼ਰ ਦਾ ਇੱਕ ਜੋੜਾ ਦਰਖ਼ਤ ਦੀ ਇੱਕ ਊਚੀ ਸ਼ਾਖਾ ਉੱਤੇ ਬੈਠਾ ਰਹਿੰਦਾ ਤਾਂ ਕਿ ਆਪਣਾ ਭੋਜਨ ਪ੍ਰਾਪਤ ਕਰਨ ਲਈ ਜਲਦੀ ਨਾਲ ਪਾਣੀ ਵਿੱਚ ਗੋਤਾ ਲਗਾ ਸਕੇ। ਡੱਡੂ ਝੀਲ ਵਿੱਚ ਅੰਦਰ ਅਤੇ ਬਾਹਰ ਛਲਾਂਗਾ ਲਗਾਂਦੇ ਰਹਿੰਦੇ, ਜਦੋਂ ਕਿ ਆਪਣੇ ਸ਼ਿਸੂਆਂ ਨੂੰ ਉਹ ਕਾਈ (Algae) ਖਵਾਉਂਦੇ, ਤਾਂ ਕਿ ਉਹ ਝੀਲ ਤੋ ਬਾਅਰ ਛਲੰਗ ਲਗਾ ਸਕਣ। ਝੀਲ ਇੱਕ ਰਹਿਣ ਦੀ ਜਗ੍ਹਾ ਸੀ, ਜਿਸ ਵਿਚ ਹਰੇਕ ਜੀਵ ਨੂੰ ਭੋਜਨ, ਆਸਰਾ, ਸੁਰੱਖਿਆ ਅਤੇ ਪ੍ਰਜਣਨ ਲਈ ਸਾਥੀ ਮਿਲ ਸਕਦੇ ਸੀ।

**ਦ੍ਰਿਸ਼ -2 ਸਮੂਹ– 2**

ਉਥੇ ਜਿੰਨੇ ਵੀ ਜੀਵ ਸੀ, ਉਹਨਾਂ ਸਾਰਿਆਂ ਵਿੱਚੋਂ, ਦੋ ਮੱਛਲੀਆਂ ਅਤੇ ਇੱਕ ਡੱਡੂ ਸਭ ਤੋਂ ਅੱਛੇ ਦੋਸਤ ਸੀ। ਉਹ ਇੱਕ ਦੂਜੇ ਨਾਲ ਸ਼ਰਾਰਤਾਂ ਕਰਦੇ ਅਤੇ ਕਦੀ–ਕਦੀ ਤਾਜ਼ਾਂ ਖ਼ਬਰਾ ਉੱਤੇ ਚਰਚਾ ਕਰਦੇ। ਮੱਛਲੀਆਂ ਬਹੁਤ ਚਾਲਾਕ ਅਤੇ ਚਤੁਰ ਸੀ, ਜਦੋ ਕਿ ਡੱਡੂ ਇੱਕ ਦਮ ਸਿੱਧਾ ਸੀ। ਇੱਕ ਮੱਛਲੀ ਹਮੇਸ਼ਾ ਇਸ ਗੱਲ ਦੀ ਸ਼ਾਨ ਮਾਰਦੀ ਸੀ ਕਿ ਉਸਨੂੰ ਦੁਸ਼ਮਣ ਦੇ ਚੰਗੁਲ ਤੋਂ ਬਚਣ ਲਈ ਸੌ ਯੁਕਤੀਆਂ ਪਤਾ ਹਨ, ਜਦੋ ਕਿ ਦੂਜੀ ਮੱਛਲੀ ਡੀਗਾਂ ਮਾਰਦੀ ਕਿ ਉਸਨੂੰ ਸੌ ਯੁਕਤੀਆਂ ਪਤਾ ਹਨ। ਡੱਡੂ ਆਪਣੇ ਚਹਿਰੇ ਤੇ ਦੁਵਿਧਾ ਦੇ ਭਾਵ ਲਈ , ਬਸ ਅੱਖਾਂ ਚਪਕਦਾ ਅਤੇ ਮਨ ਹੀ ਮਨ ਵਿੱਚ ਬੋਲਦਾ ਕਿ ਉਸਨੂੰ ਤਾਂ ਸਿਰਫ਼ ਕੁਝ ਹੀ ਤਰੀਕਿਆਂ ਦਾ ਪਤਾ ਹੈ। ਫਿਰ ਵੀ ਤਿੰਨੋ ਹਰ ਰੋਜ਼ ਮਿਲਦੇ ਅਤੇ ਵਿਸ਼ਾਲ ਕਮਲ ਦੇ ਪੱਤਿਆਂ ਅਤੇ ਪਿਆਰੇ ਫੁੱਲਾਂ ਦੇ ਵਿੱਚ ਲੁਕਾ–ਛਿਪੀ ਖੇਡਦੇ। ਉਹ ਇੱਕ–ਦੂਜੇ ਨੂੰ ਆਪਣੇ ਪੂਰਵਜਾਂ ਦੀ ਵੀਰਤਾ ਦੇ ਕਿੱਸੇ ਵੀ ਸੁਣਾਉਂਦੇ ਸੀ, ਜੋ ਕਿ ਇਕ ਹੀ ਸੀ।

**ਦ੍ਰਿਸ਼ਂ–3 ਸਮੂਹ–3**

ਇੱਕ ਸ਼ਾਮ ਜਦੋਂ ਸੂਰਜ ਪੱਛਮ ਦਿਸ਼ਾ ਵਿੱਚ ਅਸਤ ਹੋ ਰਿਹਾ ਸੀ, ਕੁੱਝ ਮੱਛੁਆਰੇ ਝੀਲ ਤੇ ਆਏ। ਇੱਕ ਬਜੁਰਗ ਮਛਿਆਰੇ ਨੇ ਕਿਹਾ, 'ਇਸ ਝੀਲ ਵਿੱਚ ਮੱਛਲੀਆਂ ਅਤੇ ਝੀਗਾਂ ਭਰੀਆਂ ਹੋਈਆ ਹਨ, ਅਸੀਂ ਸਵੇਰ ਨੂੰ ਇੱਥੇ ਆਵਾਂਗੇ ਅਤੇ ਉਹਨਾਂ ਨੂੰ ਇੱਥੇ ਪਕੜ ਲਵਾਂਗੇ।'' ਬਹੁਤ ਚੰਗਾ ਵਿਚਾਰ ਹੈ ਮੱਛਿਆਰੇ ਨੇ ਕਿਹਾ। ਉਹਨਾਂ ਦੀਆਂ ਅੱਖਾਂ ਖੁਸ਼ੀ ਨਾਲ ਚਮਕ ਰਹੀਆਂ ਸਨ ਅਤੇ ਉਹ ਦੋਵੇਂ ਉਥੋਂ ਚਲੇ ਗਏ।

**ਦ੍ਰਿਸ਼–4 ਸਮੂਹ 4**

ਇੱਕ ਪਲ ਲਈ ਤਿੰਨੋ ਦੋਸਤ ਇੱਕ ਦਮ ਮੌਨ ਹੋ ਗਏ ਉਦੋ ਡੱਡੂ ਨੇ ਹਿੰਮਤ ਇੱਕਠੀ ਕਰਦੇ ਹੋਏ ਕਿਹਾ "ਜੋ ਉਹਨਾਂ ਨੇ ਕਿਹਾ ਕੀ ਤੁਸੀਂ ਸੁਣਿਆ ? ਹੁਣ ਅਸੀਂ ਕੀ ਕਰੀਏ? ਇੱਥੇ ਰੁਕੀਏ ਜਾਂ ਭੱਜ ਜਾਈਏ?" ਉਹ ਡਰ ਦੇ ਮਾਰੇ ਉਛਲਣ ਲੱਗਾ ਅਤੇ ਬੋਲਿਆ " ਹੁਣ ਅਸੀਂ ਕੀ ਕਰੀਏ? ਹੁਣ ਅਸੀਂ ਕਿ ਕਰੀਏ? ਉਹ ਕੱਲ ਸਵੇਰੇ ਆਪਣਾ ਜਾਲ ਲੈ ਕੇ ਆ ਆਣਗੇ" ਇੱਕ ਹਜ਼ਾਰ ਤਰੀਕੇ ਜਾਣਨ ਵਾਲੀ ਮੱਛਲੀ ਜ਼ੋਰ ਜ਼ੋਰ ਦੀ ਹੱਸਣ ਲੱਗੀ। ਉਸ ਨੇ ਇਹ ਕਹਿ ਕੇ ਡੱਡੂ ਨੂੰ ਸ਼ਾਤ ਕਰਨ ਦੀ ਕੋਸ਼ਿਸ਼ ਕੀਤੀ ਕਿ " ਕੁੱਝ ਫਾਲਤੂ ਸ਼ਬਦਾਂ ਨੂੰ ਸੁਣਨ ਦੀ ਜ਼ਰੂਰਤ ਨਹੀਂ ਹੈ। ਅਸੀਂ ਕਿਉਂ ਭੱਜਾਂਗੇ ? ਮੇਰੇ ਕੋਲ ਅਨੇਕਾ ਯੁਗਤੀਆਂ ਹਨ। ਬੱਚਣ ਦੇ ਹਜ਼ਾਰੋਂ ਤਰੀਕੇ ਹਨ ਅਤੇ ਮੈਂ ਉਹਨਾਂ ਸਾਰਿਆ ਨੂੰ ਜਾਣਦੀ ਹਾਂ।ਮੈਂ ਤੁਹਾਡੀ ਵੀ ਸੁਰੱਖਿਆ ਕਰਾਂਗੀ"

ਡੱਡੂ ਉਦੋਂ ਵੀ ਮੁਸੀਬਤ ਵਿੱਚ ਲੱਗ ਰਿਹਾ ਸੀ ਤਾਂ ਦੂਸਰੀ ਮੱਛਲੀ ਨੇ ਕਿਹਾ " ਡਰੋ ਨਾ ਇੱਕ ਦੂਰਦਰਸ਼ੀ ਅਤੇ ਪ੍ਰਤਿਭਾਸ਼ਾਲੀ ਵਿਅਕਤੀ ਹੀ ਉੱਥੋਂ ਤੱਕ ਪਹੁੰਚ ਸਕਦਾ ਹੈ, ਜਿੱਥੇ ਹਵਾ ਅਤੇ ਸੂਰਜ ਦੀਆਂ ਕਿਰਨਾਂ ਵੀ ਪ੍ਰਵੇਸ਼ ਨਹੀਂ ਕਰ ਸਕਦੀਆਂ ਹਨ। ਤੁਹਾਨੂੰ ਆਪਣਾ ਘਰ ਛੱਡ ਕੇ ਵੀ ਜਾਣ ਦੀ ਜ਼ਰੂਰਤ ਨਹੀਂ ਹੈ। ਮੈਂ ਆਪਣੇ ਗਿਆਨ ਨਾਲ ਤੁਹਾਡੀ ਵੀ ਸੁਰਖਿਆ ਕਰਾਂਗੀ। ਘਰ- ਘਰ ਹੀ ਹੈ ਅਤੇ ਕਿਸੇ ਵੀ ਸਵਰਗ ਨਾਲ ਇਸ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ।"

**ਦ੍ਰਿਸ਼-5 :- ਸਮੂਹ 5**

ਪਰ ਡੱਡੂ ਦੀ ਸ਼ੰਕਾ ਖਤਮ ਨਹੀਂ ਹੋਈ। ਉਸ ਤੋਂ ਬਾਅਦ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਆਤਮ ਵਿਸ਼ਵਾਸ ਨਾਲ ਕਿਹਾ "ਸੁਣੋ ਮੇਰੇ ਮਿੱਤਰੋ, ਹਾਲੇ ਤਾਂ ਮੈਂ ਮੱਛਿਆਰਿਆਂ ਦੇ ਜਾਲ ਵਿੱਚ ਫੱਸਣ ਤੋਂ ਬੱਚਣ ਲਈ ਸਿਰਫ ਇੱਕ ਹੀ ਤਰਕੀਬ ਦੇ ਬਾਰੇ ਸੋਚ ਸਕਦਾ ਹਾਂ। ਇਸ ਲਈ ਮੈਂ ਆਪਣੀ ਪਤਨੀ ਦੇ ਨਾਲ ਇਥੋਂ ਜਾ ਰਿਹਾ ਹਾਂ " ਡੱਡੂ ਅਤੇ ਉਸ ਦੀ ਪਤਨੀ ਨੇ ਝੀਲ ਵਿੱਚ ਛਲੰਗ ਲਗਾਈ ਅਤੇ ਨਾਲ ਵਾਲੇ ਤਲਾਬ ਵਿੱਚ ਕੁੱਦ ਗਏ।ਮੱਛਲੀਆਂ ਨੇ ਉਹਨਾਂ ਨੂੰ ਜਾਂਦੇ ਹੋਏ ਦੇਖਿਆ ਅਤੇ ਉਹਨਾਂ ਨੂੰ ਸਿਰ ਹਿਲਾਉਂਦੇ ਹੋਏ ਕਿਹਾ " ਮੂਰਖ, ਉਹਨਾਂ ਨੂੰ ਅਸਲ ਵਿੱਚ ਜਾਣ ਦੀ ਕੋਈ ਜ਼ਰੂਰਤ ਨਹੀਂ ਸੀ।

**ਦ੍ਰਿਸ਼-6 :- ਸਮੂਹ 6**

"ਅਗਲੇ ਦਿਨ ਸਵੇਰੇ, ਮਛਿਆਰੇ, ਝੀਲ ਤੇ ਆਏ ਅਤੇ ਆਪਣਾ ਜਾਲ ਬਿਛਾਇਆ l ਉਹਨਾਂ ਨੇ ਮੱਛਲੀਆਂ , ਕੱਛੂਏ, ਕੇਕੜੇ ਅਤੇ ਡੱਡੂਆਂ ਦਾ ਇੱਕ ਵੱਡਾ ਸਮੂਹ ਪਕੜ ਲਿਆ। ਜਦੋਂ ਡੁੱਬਦੇ ਸੂਰਜ ਦੀ ਲਾਲੀ ਅਕਾਸ਼ ਵਿੱਚ ਫੈਲੀ ਤਾਂ ਮੱਛਿਆਰਿਆਂ ਨੇ ਉਹਨਾਂ ਸਭ ਨੂੰ ਲੱਦਿਆ ਅਤੇ ਵਾਪਿਸ ਆਪਣੇ ਪਿੰਡ ਲਈ ਰਵਾਨਾ ਹੋ ਗਏ।

**ਦ੍ਰਿਸ਼-7 :- ਸਮੂਹ 7**

ਵਾਪਿਸ ਜਾਂਦੇ ਹੋਏ ਮੱਛਿਆਰੇ ਤਬਾਲ ਕੋਲੋਂ ਲੰਗੇ, ਜਿੱਥੇ ਡੱਡੂ ਅਤੇ ਉਸ ਦੀ ਪਤਨੀ ਇੱਕ ਜਲਕੁੰਬੀ ਤੇ ਬੈਠੇ ਸੀ। ਡੱਡੂ ਨੇ ਵੇਖਿਆ ਕਿ ਦਿਨ ਵਿੱਚ ਉਹਨਾਂ ਨੇ ਜਿਨ੍ਹਾਂ ਜੀਵਾਂ ਨੂੰ ਪਕੜਿਆ ਸੀ, ਉਹ ਉਹਨਾਂ ਦੀ ਪਿੱਠ ਤੇ ਲੱਦੇ ਹੋਏ ਹਨ ਅਤੇ ਉਹ ਇਹ ਸੋਚ ਕੇ ਦੁਖੀ ਹੋ ਗਿਆ ਕਿ ਉਸਨੇ ਆਪਣੇ ਸਭ ਤੋਂ ਅੱਛੇ ਦੋਸਤਾਂ ਨੂੰ ਹਮੇਸ਼ਾ ਲਈ ਗਵਾ ਲਿਆ ਹੈ। ਡੱਡੂ ਨੇ ਝਿੱਲੀਦਾਰ ਉਂਗਲੀ ਕੀਤੀ ਅਤੇ ਇਸ਼ਾਰਾ ਕਰਦੇ ਹੋਏ ਆਪਣੀ ਪਤਨੀ ਨੂੰ ਭਾਰੀ ਮਨ ਨਾਲ ਕਿਹਾ, " ਦੇਖੋ ਪਿਆਰੀ ਮੇਰੀ ਦੋਸਤ ਜਾ ਰਹੀ ਹੈ। ਮੈਂ ਤਾਂ ਇਹ ਸੋਚ ਕੇ ਹੀ ਕੰਭ ਰਿਹਾ ਹਾਂ ਕਿ ਉਹਨਾਂ ਦਾ ਹੁਣ ਕੀ ਹੋਵੇਗਾ, ਉਹਨਾਂ ਨੂੰ ਤਲਿਆ ਜਾਵੇਗਾ ਜਾਂ ਤੰਦੂਰ ਵਿੱਚ ਪਾ ਦਿੱਤਾ ਜਾਵੇਗਾ। ਉਦੋਂ ਹੀ ਉਸਦੀ ਪਤਨੀ ਜਲਦੀ ਨਾਲ ਉਸ ਵੱਲ ਮੁੜੀ ਅਤੇ ਬੋਲੀ," ਜੇ ਅਸੀਂ ਆਪਣੇ ਪੁਰਾਣੇ ਘਰ ਵਾਪਿਸ ਚਲੇ ਜਾਈਏ ਤਾਂ ਜਿਆਦਾ ਅੱਛਾ ਨਹੀਂ ਹੋਵੇਗਾ l ਮੱਛਿਆਰੇ ਕੁੱਝ ਸਮੇਂ ਲਈ ਝੀਲ ਵਿੱਚ ਆਪਣਾ ਜਾਲ ਨਹੀਂ ਪਾਉਣਗੇ। ਡੱਡੂ ਨੂੰ ਉਸਦੀਆਂ ਗੱਲਾਂ ਵਿੱਚ ਕੁੱਝ ਸਮਝਦਾਰੀ ਦਿਖਾਈ ਦਿੱਤੀ ਅਤੇ ਉਸਨੇ ਉਸਦੀ ਗੱਲ ਮੰਨ ਲਈ।

**ਦ੍ਰਿਸ਼ 8 ਸਮੂਹ 8**

ਇਸ ਲਈ ਉਹਨਾਂ ਨੇ ਬਾਹਰ ਛਲੰਗ ਲਗਾਈ ਅਤੇ ਆਪਣੇ ਪੁਰਾਣੇ ਘਰ ਵਾਪਿਸ ਆ ਗਏ। ਉਹਨਾਂ ਨੇ ਉੱਥੋ ਜੋ ਦੇਖਿਆ ਉਸਨੂੰ ਦੇਖ ਕੇ ਉਹਨਾਂ ਨੂੰ ਆਪਣੀਆਂ ਅੱਖਾਂ ਤੇ ਵਿਸ਼ਵਾਸ ਨਹੀਂ ਹੋਇਆ। ਉਹ ਚੌਂਕ ਗਏ ਅਤੇ ਉਹਨਾਂ ਦੋ ਮੱਛਲੀਆਂ ਨੂੰ ਉੱਥੇ ਦੇਖਕੇ ਅਚੰਭੇ ਹੀ ਰਹਿ ਗਏ। ਜਿਨ੍ਹਾਂ ਦੇ ਬਾਰੇ ਵਿੱਚ ਉਹ ਕਲਪਨਾ ਕਰ ਰਹੇ ਸੀ ਕਿ ਹੁਣ ਤਾਂ ਉਹ ਕਿਸੀ ਦਾ ਭੋਜਨ ਬਣ ਚੁੱਕੀਆਂ ਹੋਣਗੀਆਂ। ਉਤਸ਼ਾਹਿਤ ਹੋ ਕੇ ਉਹਨਾਂ ਨੇ ਮੱਛਲੀਆਂ ਨੂੰ ਪੁੱਛਿਆਂ, "ਤੁਸੀਂ ਕਿਵੇਂ ਬੱਚ ਗਏ?

ਮੱਛਲੀਆਂ ਇੱਕ ਸਾਹ ਹੋਕੇ ਇੱਕ ਸੁਰ ਵਿੱਚ ਗਾਣ ਲੱਗੀਆਂ।

"ਅਸੀ ਆਪਣੀਆਂ ਕਮਜ਼ੋਰੀਆਂ ਨੂੰ ਪਹਿਚਾਣਦੇ ਹਾਂ, ਅਸੀਂ ਆਪਣੀ ਤਾਕਤ ਦਾ ਸਹੀ ਇਸਤੇਮਾਲ ਕਰਦੇ ਹਾਂ। ਆਪਣੇ ਆਪ ਨੂੰ ਬਚਾਉਣ ਲਈ ਅਸੀਂ ਕਿਸੀ ਵੀ ਹੱਦ ਤੱਕ ਜਾ ਸਕਦੇ ਹਾਂ।"

# ਸਿੱਖਣ ਦੇ ਰੂਪ ਵਿੱਚ ਮੁੱਲਾਂਕਣ

ਪ੍ਰਸਤੁਤੀ ਕਰਨ ਦੌਰਾਨ ਮਦਦਗਾਰ ਪ੍ਰਤੀਭਾਗੀਦਾਰ ਵੱਲੋਂ ਕੀਤੀ ਗਈ ਪਹਿਲ, ਉਹਨਾਂ ਦੇ ਸਵਾਦ ਕੌਸ਼ਲ , ਸਹਿਯੋਗ ਸਮਝ ਅਤੇ ਵਿਚਾਰ ਦੀ ਸਪਸ਼ਟਤਾ, ਚੀਜ਼ਾਂ ਨੂੰ ਪੇਸ਼ ਕਰਨ ਵਿੱਚ ਰਚਨਾਤਮਕਤਾ, ਚੀਜ਼ਾਂ ਦਾ ਆਪਸ ਵਿੱਚ ਸਬੰਧ ਸਥਾਪਤ ਕਰਨ ਦੀ ਸਮੱਰਥਾ ਅਤੇ ਚੀਜ਼ਾਂ ਨੂੰ ਉਸੇ ਅਨੁਸਾਰ ਸੁਧਾਰਨਾ, ਸੰਸਾਧਨਾ ਦੇ ਉਪਯੋਗ ਦੀ ਸਮੱਰਥਾ ਆਦਿ ਦਾ ਨਿਰੀਖਣ ਕਰ ਸਕਦੇ ਹਾਂ।

### ਵਿਚਾਰ-ਵਿਮਰਸ਼ ਦੇ ਲਈ ਪ੍ਰਸ਼ਨ

ਹੇਠ ਲਿਖੇ ਪ੍ਰਸ਼ਨਾਂ ਦਾ ਪ੍ਰਯੋਗ ਭਿੰਨ-2 ਵਿਪਰੀਤ ਸਿਖਲਾਈ ਵਿਧਿਆਂ ਉੱਤੇ ਚਰਚਾ ਕਰਨ ਲਈ ਕੀਤਾ ਜਾ ਸਕਦਾ ਹੈ।

1) ਅਜਿਹੀ ਭੋਜਨ ਲੜੀ ਬਾਰੇ ਦੱਸੀਏ ਜੋ ਕਿ ਇਹ ਝੀਲ ਵਿੱਚ ਦੇਖਣ ਨੂੰ ਮਿਲਦੀ ਹੈ?
2) ਪਾਣੀ ਦੀ ਸਤ੍ਹਾ ਤੇ ਕਸਪਤ (ਡਕਵੀਡ) ਅਤੇ ਜਲਖੁੰਭੀ ਤੈਰਦੀ ਹੈ? ਕਿ ਉਹਨਾਂ ਦੀਆਂ ਜੜ੍ਹਾਂ ਹੁੰਦੀਆਂ ਹਨ? ਉਹ ਪੋਸ਼ਕ ਤੱਤਾਂ ਨੂੰ ਕਿਵੇਂ ਸੋਖਦੇ ਹਨ?
3) ਲੋਕ ਰਹਿਣ ਲਈ ਜਗ੍ਹਾ ਦੀ ਚੋਣ ਕਿਵੇਂ ਕਰਦੇ ਹਨ?
4) ਬਦਲਦੇ ਵਾਤਾਵਰਣ ਨੇ ਇਨਸਾਨ ਦੀ ਜੀਵਨ ਸ਼ੈਲੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?
5) ਉਹਨਾਂ ਕੁਝ ਤਰੀਕਿਆਂ ਬਾਰੇ ਦੱਸੋ ਜੋ ਦੋ ਮਛਲੀਆਂ ਆਪਣੇ ਖੇਤਰ ਵਿੱਚੋਂ ਦੁਸ਼ਮਨ ਦੀ ਚੇਤਾਵਨੀ ਅਤ ਚੰਗੁਲ ਵਿੱਚੋਂ ਬਚਣ ਲਈ ਇਸੇਤਮਾਲ ਕਰਦੀਆਂ ਹਨ?
6) ਜੇਕਰ ਅਸੀਂ ਇਹਨਾਂ ਤਰੀਕਿਆਂ ਨੂੰ ਵਿਸ਼ੇਸਤਾਵਾਂ ਮੰਨਦੇ ਹਾਂ ਕਿ ਇਹ ਇੱਕ ਜੀਵ ਨੂੰ ਉਸਦੇ ਨਿਵਾਸਸਥਾਨ ਵਿੱਚ ਬਿਹਤਰ ਜੀਵਨ ਜੀਣ ਦੇ ਯੋਗ ਬਣਾ ਸਕਦੀਆਂ ਹਨ?
7) ਕੀ ਤੁਸੀਂ ਕਦੇ ਮਛਲੀ ਪਕੜੀ ਹੈ ਜਾਂ ਕਿਸੇ ਨੂੰ ਪਕੜਦੇ ਦੇਖਿਆ ਹੈ? ਇਸ ਕੰਮ ਲਈ ਕਿਹੜੇ ਪਾਰੰਪਰਿਕ ਔਜ਼ਾਰਾਂ ਜਾਂ ਉਪਕਰਣਾ ਦੀ ਵਰਤੋਂ ਕੀਤੀ ਜਾਂਦੀ ਹੈ?
8) ਮਛਲੀ ਪਕੜਨ ਦਾ ਕੰਮ ਵੱਡੇ ਪੈਮਾਨੇ / ਪੇਸ਼ੇ ਤੇ ਤੌਰ ਤੇ ਕਿਵੇਂ ਕੀਤਾ ਜਾਦਾ ਹੈ?
9) "ਘਰ ਘਰ ਹੀ ਹੈ ਅਤੇ ਕਿਸੇ ਵੀ ਸਵਰਗ ਨਾਲ ਇਸਦੀ ਤੁਲਨਾ ਨਹੀਂ ਕੀਤੀ ਜਾ ਸਕਦੀ" ਕੀ ਤੁਸੀਂ ਇਹ ਗੱਲ ਨਾਲ ਸਹਮਤ ਹੋ? ਘਰ ਵਿੱਚ ਮਿਲਣ ਵਾਲੀਆਂ ਭੌਤਿਕ ਸੁਵਿਧਾਵਾਂ ਤੋਂ ਇਲਾਵਾ ਹੋਰ ਕੀ ਕਾਰਣ ਹਨ ਜੋ ਘਰ ਨੂੰ ਇਨਾਂ ਖਾਸ ਬਣਾਉਂਦੇ ਹਨ?
10) ਡੱਡੂਆਂ ਦੀਆਂ ਦੋ ਅਨਕੂਲਨ ਵਿਸ਼ੇਸ਼ਤਾਵਾਂ ਬਾਰੇ ਦੱਸੋ, ਜਿਨ੍ਹਾ ਨੇ ਉਹਨਾਂ ਨੂੰ ਝੀਲ ਛੱਡਣ ਦੇ ਬਾਰੇ ਵਿੱਚ ਤੁਰੰਤ ਫੈਸਲਾ ਕਰਨ ਵਿੱਚ ਮਦਦ ਕੀਤੀ?
11) ਪੁਰਾਣੇ ਸਮੇਂ ਵਿੱਚ ਸੂਚਨਾ ਦੇ ਕੀ ਸਰੋਤ ਸਨ? (ਚੱਧਨ- ਚਿੱਤਰਕਾਰੀ)
12) ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?
13) ਕੀ ਡੱਡੂ ਦੀ ਪਤਨੀ ਦਾ ਪੁਰਾਣੇ ਘਰ ਵਿੱਚ ਵਾਪਸ ਜਾਣ ਦਾ ਸੁਝਾਅ ਅਕਲਮੰਦੀ ਭਰਿਆ ਸੀ? ਕਿਉਂ?
14) ਫੈਸਲਾ ਲੈਣ ਲਈ ਤੁਸੀਂ ਕਿਹੜੇ-ਕਿਹੜੇ ਕਦਮ ਚੱਕਦੇ ਹੋ?
    ਸੰਕੇਤ: 1) ਤੁਹਾਨੂੰ ਪਤਾ ਹੈ ਕਿ ਤੁਸੀਂ ਕੀ ਚਾਹੁੰਦੇ ਹੋ; (2) ਸਮੱਸਿਆ ਨੂੰ ਸਮਝਦੇ ਹੋ (3) ਵਿਕਲਪ ਕਿਹੜੇ-ਕਿਹੜੇ ਹਨ, ਇਹ ਦੇਖਦੇ ਹੋ; (4) ਸਭ ਤੋ ਵਧੀਆਂ ਵਿਕਲਪ ਚੁਣਦੇ ਹੋ।

15) ਕੀ ਹੋਵੇਗਾ ਜੇਕਰ ਕਿਸੇ ਖਾਸ ਜੀਵ ਦੀ ਅਬਾਦੀ ਤੇਜੀ ਨਾਲ ਘਟਣ ਜਾ ਵੱਧਣ ਲਗ ਜਾਵੇ (ਸੰਕੇਤ: ਭੋਜਨ ਲੜੀ ਵਿੱਚ ਛੇੜ-ਛਾੜ ਕਰ ਸਕਦਾ ਹੈ, ਸਪੋਸ਼ਣ ਹੋ ਸਕਦਾ ਹੈ?

16) ਦੀਰਘਕਾਲੀਨ ਜੈਵ-ਭਿੰਨਤਾ ਕੀ ਹੈ? ਸੰਕੇਤ- ਅਸੀਂ ਮਨੁੱਖ ਹੋਣ ਦੇ ਨਾਤੇ ਜੈਵ-ਭਿੰਨਤਾ ਦੀ ਸੁਰੱਖਿਆ ਲਈ ਕੀ ਕਰ ਸਕਦੇ ਹਾਂ? ਉਦਾਹਰਣ ਲਈ ਅਸੀ ਘੱਟ ਵਰਤੋਂ ਕਰ ਸਕਦਾ ਹਾਂ? ਅਤੇ ਸੋਚ ਸਮਝ ਦੇ ਵਰਤੋਂ ਕਰ ਸਕਦੇ ਹਾਂ?

17) ਮਛਲੀਆਂ ਦੀਆਂ ਅਨੁਕੂਲਕ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ ਜੋ ਉਹਨਾਂ ਨੂੰ ਪਾਣੀ ਵਿੱਚ ਤੈਰਨ ਵਿੱਚ ਮਦਦ ਕਰਦੀਆਂ ਹਨ ।

